World Punjabi News Network
WORLD PUNJABI ਪੰਜਾਬੀ | ਪੰਜਾਬੀ NEWS
ਲੋਕ ਹਿੱਤ ਵਿੱਚ ਪੱਤਰਕਾਰੀ

@worldpunjabinews
@worldpunjabinewstv
@wpunjabinews
@worldpunjabinews
@worldpunjabinews



# ਅਜੇ ਨਹੀਂ ਮੰਨੇਗੀ ਸਰਕਾਰ, ਅੰਦੋਲਨ ਲੰਬਾ ਚੱਲੇਗਾ, 43 ਮਹੀਨਿਆਂ ਤੱਕ ਵੀ ਡਟੇ ਰਹਿਣਗੇ ਕਿਸਾਨ:ਟਿਕੈਤ



**ਨਵੀਂ ਦਿੱਲੀ।** ਕੇਂਦਰ ਦੇ ਤਿੰਨ ਨਵੇਂ ਖੇਤੀਬਾੜੀ ਕਾਨੂੰਨਾਂ ਵਿਰੁੱਧ ਪਿਛਲੇ ਸਾਲ 26 ਨਵੰਬਰ ਨੂੰ ਸ਼ੁਰੂ ਹੋਏ ਕਿਸਾਨ ਅੰਦੋਲਨ ਨੂੰ ਅੱਜ ਸੱਤ ਮਹੀਨੇ ਪੂਰੇ ਹੋ ਗਏ ਹਨ। ਇਸ ਮੌਕੇ ਇੱਕ ਵਾਰ ਫਿਰ ਤੋਂ ਕਿਸਾਨ ਜੱਥੇਬੰਦੀਆਂ ਸਰਕਾਰ ਖਿਲਾਫ ਲਾਮਬੰਦ ਹੋਈਆਂ ਹਨ। ਵੱਡੀ ਗਿਣਤੀ ਵਿੱਚ ਕਿਸਾਨ ਆਪਣੇ ਟਰੈਕਟਰਾਂ ਨਾਲ ਦਿੱਲੀ-ਯੂਪੀ ਗਾਜੀਪੁਰ ਸਰਹੱਦ ‘ਤੇ ਪਹੁੰਚ ਗਏ ਹਨ। ਇਸ ਦੌਰਾਨ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਸਪਸ਼ਟ ਕਰ ਦਿੱਤਾ ਹੈ ਕਿ ਕਿਸਾਨ ਸਰਕਾਰ ਅੱਗੇ ਝੁਕਣ ਵਾਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਇਹ ਲਹਿਰ ਲੰਬੇ ਸਮੇਂ ਤੱਕ ਜਾਰੀ ਰਹੇਗੀ। ਕਿਸਾਨ 43 ਮਹੀਨੇ ਤੱਕ ਅੰਦੋਲਨ ਜਾਰੀ ਰੱਖਣਗੇ। ਇਹ ਸਰਕਾਰ ਤਿੰਨ ਸਾਲਾਂ ਵਿੱਚ ਠੀਕ ਹੋ ਜਾਵੇਗੀ। ਜਦੋਂ ਟਿਕੈਤ ਨੂੰ ਇਹ ਪੁੱਛਿਆ ਗਿਆ ਕਿ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਸਿਰਫ ਕਿਸਾਨ ਹੀ ਅੰਦੋਲਨ ਵਿੱਚ ਹਿੱਸਾ ਲੈ ਰਹੇ ਹਨ, ਤਾਂ ਉਨ੍ਹਾਂ ਨੇ ਕਿਹਾ, “ਪੂਰੇ ਦੇਸ਼ ਦੇ ਕਿਸਾਨ ਕੇਂਦਰ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਹਨ। ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਵੱਡੀਆਂ ਕੰਪਨੀਆਂ ਨੂੰ ਦੇਣਾ ਚਾਹੁੰਦੀ ਹੈ। ਕਿਸਾਨ ਸਰਕਾਰ ਦੀ ਇਸ ਯੋਜਨਾ ਨੂੰ ਸਫਲ ਨਹੀਂ ਹੋਣ ਦੇਣਗੇ।

ਉਨ੍ਹਾਂ ਕਿਹਾ ਕਿ ਬਿਹਾਰ ਦੇ ਕਿਸਾਨ ਵੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰੇਸ਼ਾਨ ਹਨ। ਬਿਹਾਰ ਵਿੱਚ ਮੰਡੀਆਂ ਖ਼ਤਮ ਕਰ ਦਿੱਤੀਆਂ ਗਈਆਂ। ਕਿਸਾਨਾਂ ਨੂੰ ਫਸਲਾਂ ਦਾ ਸਹੀ ਮੁੱਲ ਨਹੀਂ ਮਿਲ ਰਿਹਾ। 10-10 ਏਕੜ ਜ਼ਮੀਨ ਵਾਲੇ ਕਿਸਾਨ ਕੰਮ ਕਰਨ ਲਈ ਮਜਬੂਰ ਹਨ। ਸਰਕਾਰ ਲੋਕਾਂ ਤੋਂ ਹੈ .. ਕਿਸਾਨ ਪਰਮਾਨੈਂਟ ਰਹੇਗਾ .. ਸਰਕਾਰ ਸਥਾਈ (ਪਰਮਾਨੈਂਟ ) ਨਹੀਂ ਰਹੇਗੀ .. ਹੁਣ ਉਹ ਕਾਨੂੰਨ ਵਾਪਿਸ ਕਰਨ ਦਾ ਨਾਅਰਾ ਬੁਲੰਦ ਕਰ ਰਹੇ ਹਨ, ਕੀ ਤੁਸੀਂ ਸੱਤਾ ਦੀ ਵਾਪਸੀ ਦਾ ਨਾਅਰਾ ਬੁਲੰਦ ਕਰਨਾ ਚਾਹੁੰਦੇ ਹੋ ?

## ਬੇਅਦਬੀ ਕਾਂਡ: ਸਿੱਧ ਦਾ ਬਾਦਲ ਪਰਿਵਾਰ ਤੇ ਕੈਪਟਨ ’ਤੇ ਮੁੜ ਨਿਸ਼ਾਨਾ

**ਪਟਿਆਲਾ।** ਕਾਂਗਰਸ ਨੇਤਾ ਨਵਜੋਤ ਸਿੰਘ ਸਿੱਧੂ ਅੱਜ ਮੁੜ ਬਰਗਾੜੀ ਕਾਂਡ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ’ਤੇ ਹਮਲਾ ਕੀਤਾ। ਨਵੀਂ ਬਣੀ ਸਿਟ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਲਬ ਕਰਨ ਨੂੰ ਸੁਖਬੀਰ ਬਾਦਲ ਵੱਲੋਂ ਸਿਆਸੀ ਸਟੰਟ ਆਖਣ ਤੋਂ ਭੜਕੇ ਨਵਜੋਤ ਸਿੱਧੂ ਨੇ ਬਿਨਾ ਨਾਮ ਲਿਆਂ ਕੈਪਟਨ ਅਤੇ ਬਾਦਲਕਿਆ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ। ਉਨ੍ਹਾਂ ਕਿਹਾ ਕਿ ਰਾਜਨੀਤਿਕ ਦਖ਼ਲ ਤਾਂ ਉਹ ਸੀ, ਜਦੋਂ "ਦੋ ਸਾਲਾਂ ਤੱਕ ਤੁਹਾਡੇ ਰਾਜ ਵਿੱਚ ਕੁਝ ਨਹੀਂ ਹੋਇਆ ਅਤੇ ਫਿਰ ਨਾ ਹੀ ਅਗਲੇ ਸਾਢੇ ਚਾਰ ਸਾਲਾਂ ਦੇ ਰਾਜਕਾਲ ਦੌਰਾਨ ਇਨਸਾਫ ਹੋਇਆ।" ਬੇਅਦਬੀ ਘਟਨਾਵਾਂ ਨੂੰ ਪੰਜਾਬ ਦੀ ਰੂਹ 'ਤੇ ਹਮਲਾ ਦੱਸਦਿਆਂ ਨਵਜੋਤ ਸਿੱਧੂ ਇਸ ਮਾਮਲੇ ਵਿੱਚ ਛੇ ਸਾਲਾਂ ਤੱਕ ਵੀ ਇਨਸਾਫ਼ ਨਾ ਹੋਣ ਨੂੰ ਵੱਡੀ ਨਲਾਇਕੀ ਨਾਕਾਮਯਾਬੀ ਕਰਾਰ ਦਿੱਤਾ। ਯਾਦ ਰਹੇ ਕਿ ਬੇਅਦਬੀ ਮਾਮਲੇ ਲਈ ਬਾਦਲ ਪਰਿਵਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਗਰਦਾਨਦੇ ਆ ਰਹੇ ਸਿੱਧੂ ਕੈਪਟਨ 'ਤੇ ਉਨ੍ਹਾਂ ਨੂੰ ਬਚਾਉਣ ਦੇ ਦੋਸ਼ ਖੁੱਲ੍ਹੇਆਮ ਲਾ ਚੁੱਕੇ ਹਨ। ਇਹ ਗੱਲ ਉਹ ਪਹਿਲਾਂ ਵੀ ਕਈ ਵਾਰ ਸਪੱਸ਼ਟ ਕਰ ਚੁੱਕੇ ਹਨ ਕਿ ਦੋਸ਼ੀਆਂ ਖ਼ਿਲਾਫ਼ ਕਾਰਵਾਈ ਹੋਣ ਤੱਕ ਉਹ ਚੁੱਪ ਨਹੀਂ ਬੈਠਣਗੇ। ਮੁੱਖ ਮੰਤਰੀ ਦੇ ਖ਼ਿਲਾਫ਼ ਅਜਿਹੀ ਮੁਹਿੰਮ ਉਹ ਮੁੱਖ ਮੰਤਰੀ ਦੇ ਹੀ ਸ਼ਹਿਰ ਪਟਿਆਲਾ ਵਿਚ ਰਹਿ ਕੇ ਚਲਾ ਰਹੇ ਹਨ, ਕਿਉਂਕਿ ਇਨੀਂ ਦਿਨੀਂ ਸਿੱਧੂ ਪਰਿਵਾਰ ਆਪਣੀ ਇੱਥੇ ਯਾਦਵਿੰਦਰਾ ਕਲੋਨੀ ਸਥਿਤ ਰਿਹਾਇਸ਼ ਵਿੱਚ ਹੈ।



## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਅੰਮ੍ਰਿਤਸਰ ’ਚ ਮੋਦੀ ਸਰਕਾਰ ਦਾ ਪੁਤਲਾ ਫੂਕਿਆ

**ਅੰਮ੍ਰਿਤਸਰ।** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਖੇਤੀ ਕਾਨੂੰਨਾਂ ਖ਼ਿਲਾਫ਼ ਇਥੇ ਡੀਸੀ ਦਫ਼ਤਰ ਦੇ ਬਾਹਰ ਇਕੱਠ ਕੀਤਾ ਗਿਆ ਅਤੇ ਕਚਿਹਰੀ ਚੌਕ ਵਿੱਚ ਪੈਦਲ ਰੋਸ ਮਾਰਚ ਕੀਤਾ। ਮਗਰੋਂ ਮੋਟਰਸਾਈਕਲ ਮਾਰਚ ਵੀ ਕੀਤਾ। ਜਥੇਬੰਦੀ ਵੱਲੋਂ ਡੀਸੀ ਦਫਤਰ ਰਾਹੀਂ ਮੰਗ ਪੱਤਰ ਰਾਜਪਾਲ ਤੇ ਰਾਸ਼ਟਰਪਤੀ ਨੂੰ ਭੇਜੇ ਗਏ। ਕਿਸਾਨਾਂ ਨੇ ਇਸ ਮੌਕੇ ਗੋਲਡਨ ਗੇਟ ਤੇ ਮੋਦੀ ਸਰਕਾਰ ਦਾ ਪੁਤਲਾ ਵੀ ਸਾੜਿਆ। ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਦਫ਼ਤਰ ਸਕੱਤਰ ਗੁਰਬਚਨ ਸਿੰਘ ਚੱਬਾ, ਰਣਜੀਤ ਸਿੰਘ ਕਲੇਰ ਬਾਲਾ, ਲਖਵਿੰਦਰ ਸਿੰਘ ਵਰਿਆਮ, ਜਰਮਨਜੀਤ ਸਿੰਘ ਬੰਡਾਲਾ ਨੇ ਕਿਹਾ ਕਿ ਵਿਸ਼ਵ ਵਪਾਰ ਸੰਸਥਾ ਦੇ ਦਬਾਅ ਹੇਠ ਕੇਂਦਰ ਸਰਕਾਰ ਖੇਤੀ ਸੈਕਟਰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ।



OUR PARTNERS IN PROMOTION
WORLD PUNJABI NEWS NETWORK

whitecloud.in WHITECLOUD INTERNATIONAL
WEB PRESENCE PROVIDER

SmartBrainz EXPLORE. CHOOSE. BUY.
TECHNOLOGY PROVIDER

WORLD PUNJABI NEWS NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

# ਮੈਂ ਤਾਂ ਬਾਹਰ ਹੀ ਜਾਣੈ..!



ਚਾਨਣ ਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ : 9876888177

ਪਿੰਡ ਦੇ ਬੱਸ ਅੱਡੇ ਤੇ ਮੋਟਰਸਾਈਕਲ ਦੇ ਟਾਇਰ ਨੂੰ ਪੈਂਚਰ ਲਗਵਾ ਰਹੇ ਜਗਤਾਰ ਸਿੰਘ ਨੂੰ ਉਸਦੇ ਜਮਾਤੀ ਰਹੇ ਗੁਰਜੰਟ ਸਿੰਘ ਨੇ ਪੁੱਛਿਆ " ਕੀ ਹਾਲ ਐ ਤਾਰੀ ? ਫ਼ਸਲ ਬਾੜੀ ਵਧੀਐ? ਉਹ ਸੱਚ ਤੇਰਾ ਮੁੰਡਾ ਕਿਹੜੀ ਕਲਾਸ ਵਿੱਚ ਹੋ ਗਿਆ?" ਇੱਕੋ ਸਾਹ ਗੁਰਜੰਟ ਕਈ ਸਾਰੇ ਸਵਾਲ ਕਰ ਗਿਆ। ਜਗਤਾਰ ਨੇ ਉੱਤਰ ਦਿੰਦਿਆਂ ਕਿਹਾ " ਵਧੀਐ ਬਾਈ ! ਮੁੰਡੇ ਨੇ ਬਾਰਵੀਂ ਕਰ ਲਈ ਸੀ। ਹੁਣ ਇੱਕ ਗੱਲ ਤੇ ਹੀ ਅੜਿਐ, ਕਹਿੰਦਾ ਮੈਂ ਤਾਂ ਬਾਹਰ ਹੀ ਜਾਣੈ। ਮੈਂ ਕਿਹਾ ਚੱਲ ਕੋਈ ਨਾ, ਕਰਾਂਗੇ ਕੋਈ ਖੱਬਾ ਸੱਜਾ। ਹੁਣ ਓਹ ਬਾਹਰ ਜਾਣ ਦਾ ਕੋਰਸ (ਆਈਲੈਟਸ) ਕਰਨ ਲੱਗ ਪਿਐ ਸ਼ਹਿਰ।" ਗੁਰਜੰਟ ਨੇ ਹੁੰਗਾਰਾ ਭਰਦਿਆਂ ਕਿਹਾ " ਚਲ ਕੋਈ ਨਾ ਜੇ ਕਰਦੈ ਤਾਂ ਕਰਵਾ ਦੇ। ਨਾਲੇ ਚਾਰ-ਪੰਜ ਕਿਲਿਆਂ ਦੀ ਖੇਤੀ ਦੀ ਕਿੰਨੀ ਕ ਆਮਦਨ ਐ। ਬਾਕੀ ਇਥੇ ਕਿਹੜਾ ਨੌਕਰੀਆਂ ਮਿਲਦੀਆਂ।"

ਬਰਾਂਡੇ ਵਿੱਚ ਮੋਟਰਸਾਈਕਲ ਖੜਾਉਂਦਿਆਂ ਜਗਤਾਰ ਸਿੰਘ ਦੀ ਪਤਨੀ ਬਲਜੀਤ ਕੌਰ ਨੇ ਪੁੱਛਿਆ " ਆ ਗਏ ਤੁਸੀਂ ? ਲੈ ਆਏ ਆੜਤੀਏ ਤੋਂ ਵੀਹ ਹਜ਼ਾਰ ਫੜਕੇ? ਗਗਨ ਕਹਿੰਦਾ ਸੀ ਕੱਲ੍ਹ ਨੂੰ ਪੇਪਰ ਭਰਨ ਦੀ ਲਾਸਟ ਤਰੀਕ ਐ!" ਜਗਤਾਰ ਨੇ ਪੈਸਿਆਂ ਵਾਲਾ ਝੋਲਾ ਬਲਜੀਤ ਕੌਰ ਨੂੰ ਫੜਾਉਂਦਿਆਂ ਕਿਹਾ "ਪਹਿਲਾਂ ਪਾਣੀ ਪੁਣੀ ਤਾਂ ਪੁੱਛ ਲਿਆ ਕਰ! ਲੈ ਸਾਂਭ ਦੇ ਇਨ੍ਹਾਂ ਨੂੰ।" ਬਲਜੀਤ ਕੌਰ ਨੇ ਪਾਣੀ ਦਾ ਗਲਾਸ ਫੜਾਉਂਦਿਆਂ ਕਿਹਾ " ਐਂਵੇ ਨਾ ਔਖੇ ਭਾਰੇ ਜੇ ਹੋਇਆ ਕਰੋ! ਤੁਸੀਂ ਪਹਿਲਾਂ ਤਾਂ ਕਦੇ ਨਹੀਂ ਸੁਣੀ ਮੇਰੀ, ਹੁਣ ਮਸਾਂ ਅੱਡ ਵਿਢ ਹੋਏ ਆਂ। ਮੇਰੀ ਮੰਨੋ ਜਿਵੇਂ ਕਿਵੇਂ ਕਰਕੇ ਗਗਨ ਨੂੰ ਤੋਰਦੋ ਬਾਹਰ, ਜੂਨ ਸੁਧਰ ਜੂ ਆਪਣੀ। ਮੇਰੀ ਭੂਆ ਦੇ ਪੋਤੇ ਨੂੰ ਦੇਖਲੋ, ਹਲੇ ਮਸਾਂ ਦੋ ਢਾਈ ਸਾਲ ਹੋਏ ਆ ਪੱਕਾ ਹੋ ਗਿਆ, ਨੋਟਾਂ ਚ ਖੇਡਦੇਆ ਅਗਲੇ।"

ਇੱਕ ਮਹੀਨੇ ਬਾਅਦ ਆਈਲੈਟਸ ਦਾ ਰਿਜਲਟ ਆ ਗਿਆ ਪਰ ਗਗਨ ਦਾ ਬੈਂਡ ਸਕੋਰ ਪੰਜ ਹੀ ਰਹਿ ਗਿਆ। ਬਲਜੀਤ ਕੌਰ ਦੇ ਵਾਰ ਵਾਰ ਸਮਝਾਉਣ ਤੇ ਜਗਤਾਰ ਸਿੰਘ ਨੇ ਇੱਕ ਵਾਰ ਫੇਰ ਔਖੇ ਸੌਖੇ ਟੈਸਟ ਦੇ ਪੈਸੇ ਭਰ ਦਿੱਤੇ। ਪਰ ਇਸ ਵਾਰ ਵੀ ਗਗਨ ਪੂਰੇ ਬੈਂਡ ਹਾਸਲ ਨਾ ਕਰ ਸਕਿਆ। ਨਿਰਾਸ਼ ਹੋਏ ਗਗਨ ਨੂੰ ਸਮਝਾਉਂਦਿਆਂ ਉਸਦੀ ਮਾਂ ਨੇ ਕਿਹਾ " ਚਲ ਕੋਈ ਨਾ ਪੁੱਤ ਇੱਕ ਵਾਰੀ ਹੋਰ ਪੇਪਰ ਦੇ ਲਈਂ! ਮੈਂ ਆਪੇ ਮਨਾ ਲਊਂ ਤੇਰੇ ਪਿਓ ਨੂੰ।" ਗਗਨ ਨੇ ਵਿਚੋਂ ਟੋਕਦਿਆਂ ਕਿਹਾ " ਨਹੀਂ ਮਾਂ! ਹੁਣ ਨਹੀਂ ਨਿਕਲਦਾ ਮੇਰੇ ਤੋਂ ਟੈਸਟ ਟੁਸਟ! ਪਰ ਮੈਂ ਜਾਣਾ ਬਾਹਰ ਹੀ ਐ। ਇੱਕ ਏਜੈਂਟ ਕਹਿੰਦਾ ਸੀ ਕਿ 6 ਬੈਂਡਾਂ ਵਾਲੀ ਕੁੜੀ ਨਾਲ ਵਿਆਹ ਕਰਵਾ ਕੇ ਓਹਦੀਆਂ ਫੀਸਾਂ ਭਰ ਕੇ ਭੇਜ ਦਿਆਂਗੇ। ਫੇਰ ਉਹ ਉਥੇ ਜਾ ਕੇ ਮੈਨੂੰ ਸੱਦ ਲਊ।" ਬਲਜੀਤ ਕੌਰ ਨੇ ਹੈਰਾਨ ਹੋ ਕੇ ਪੁੱਛਿਆ " ਐਵੇਂ ਕਿਵੇਂ? ਪਰ ਕਿਸੇ ਤੇ ਪੈਸੇ ਲਾਉਣ ਲਈ ਤੇਰੇ ਪਿਓ ਨੂੰ ਕੌਣ ਮਨਾਊ! ਮੈਂ ਤਾਂ ਪਹਿਲਾਂ ਮਸਾਂ ਰਾਜ਼ੀ ਕੀਤਾ ਸੀ।"

ਜਗਤਾਰ ਸਿੰਘ ਨੇ ਗੱਲ ਸੁਣਦਿਆਂ ਹੀ ਸਾਫ ਮਨਾ ਕਰ ਦਿੱਤਾ। ਗਗਨ ਨੇ ਗੁੱਸੇ ਹੋ ਕੇ ਕਿਹਾ "ਬਾਹਰ ਜਾਣਾ ਹੁਣ ਮੇਰੀ ਇਜ਼ਤ ਦਾ ਸਵਾਲ ਐ! ਜੇਕਰ ਤੁਸੀਂ ਨਹੀਂ ਮੰਨਣਾ ਤਾਂ ਮੈਂ ਕੁਝ ਖਾ ਕੇ ਮਰ ਜਾਊਂ।" ਬਲਜੀਤ ਕੌਰ ਨੇ ਰੋਂਦੇ ਹੋਏ ਜਗਤਾਰ ਸਿੰਘ ਨੂੰ ਕਿਹਾ "ਤੁਸੀਂ ਵੀ ਐਂਵੇ ਅੜੀ ਕਰ ਬੈਠਦੇ ਓ! ਜੇ ਜਵਾਕ ਨੇ ਕੁਝ ਕਰ ਲਿਆ ਫੇਰ ਅੱਖਾਂ ਚ ਘਸੂਨ ਦੇ ਕੇ ਰੋਵਾਂਗੇ। ਕੁਝ ਨਹੀਂ ਹੁੰਦਾ ਜ਼ਮੀਨ ਵੇਚ ਦਿਆਂਗੇ ਥੋੜੀ ਘਣੀ, ਓਹ ਵੀ ਤਾਂ ਓਸੇ ਦੀ ਐ!" ਜਗਤਾਰ ਸਿੰਘ ਦੁਚਿੱਤੀ ਵਿੱਚ ਫ਼ਸਿਆ ਕਦੇ ਪੁਰਖਾਂ ਦੀ ਸਾਂਭੀ ਜ਼ਮੀਨ ਬਾਰੇ ਸੋਚਦਾ ਅਤੇ ਕਦੇ ਮੁੰਡੇ ਬਾਰੇ। ਗੁਰਜੰਟ ਸਿੰਘ ਦੇ ਕਹੇ ਬੋਲਾਂ ਨੇ ਵੀ ਉਸਨੂੰ ਅੰਦਰੋਂ ਹਾਂ ਕਰਨ ਲਈ ਮਜਬੂਰ ਕਰ ਹੀ ਦਿੱਤਾ।

## ਪੱਥਰ ਅਤੇ ਫੁੱਲ

-ਡਾ. ਮਨਜੀਤ ਸਿੰਘ ਬੱਲ

ਔਰਤਾਂ ਦੇ ਹੱਕਾਂ ਦੀ ਰਾਖੀ ਲਈ ਬਣੇ ਸੰਗਠਨ ਦੀ ਜ਼ਿਲ੍ਹਾ ਪ੍ਰਧਾਨ ਸ੍ਰੀਮਤੀ ਕਮਲਾ ਦੇਵੀ ਇੱਕ ਵੱਡੇ ਇੱਕਠ ਵਿੱਚ ਬੜਾ ਧੂੰਆਂਧਾਰ ਭਾਸ਼ਣ ਕਰ ਰਹੀ ਸੀ, ''ਮੇਰੀ ਭੈਣੋ ਤੇ ਪੰਜਾਬ ਦੀਓ ਧੀਓ, ਤੁਹਾਨੂੰ ਪਤਾ ਕਿ ਏਕੇ ਵਿੱਚ ਬੜੀ ਤਾਕਤ ਹੁੰਦੀ ਹੈ, ਜਿਹੜਾ ਵੀ ਸੰਗਠਨ ਇੱਕਮੁੱਠ ਹੋ ਕੇ ਆਪਣੇ ਹੱਕਾਂ ਲਈ ਜੂਝਦਾ ਹੈ, ਉਸ ਨੂੰ ਕਾਮਯਾਬੀ ਮਿਲ ਜਾਂਦੀ ਹੈ..। ਸਰਕਾਰ ਨੂੰ ਆਖਰ ਸਾਡੇ ਰਾਖਵੇਂਕਰਨ ਦੀ ਮੰਗ ਅੱਗੇ ਝੁਕਣਾ ਪੈਣਾ ਹੈ। ਇਹ ਹੱਕ ਅਸੀਂ ਲੈ ਕੇ ਹੀ ਰਹਿਣਾ ਹੈ।''

''ਮਹਿਲਾ ਸੰਗਠਨ ਜ਼ਿੰਦਾਬਾਦ..'' ''ਕਮਲਾ ਦੇਵੀ ਜ਼ਿੰਦਾਬਾਦ..'' ਦੇ ਨਾਅਰੇ ਗੂੰਜਣ ਲੱਗੇ।

ਕਮਲਾ ਦੇਵੀ ਨੇ ਭਾਸ਼ਣ ਜਾਰੀ ਰੱਖਦਿਆਂ ਕਿਹਾ, ''ਦਾਜ ਦੇ ਲੋਭੀ ਕੰਨ ਖੋਲ੍ਹ ਕੇ ਸੁਣ ਲੈਣ ਜਿਹੜਾ ਵਿਅਕਤੀ ਦਾਜ ਲਈ ਕਿਸੇ ਦੀ ਧੀ ਨੂੰ ਤੰਗ ਕਰੇਗਾ.. ਸਾਡਾ ਸੰਗਠਨ ਉਹਦੇ ਬੂਹੇ ਅੱਗੇ ਸਿਆਪਾ ਕਰੇਗਾ।'' ''ਕਮਲਾ ਦੇਵੀ ਜ਼ਿੰਦਾਬਾਦ..'' ਨਾਅਰਾ ਫਿਰ ਗੂੰਜਿਆ।

''.. ਤੇ ਅੱਜ ਮੈਂ ਉਨ੍ਹਾਂ ਡਾਕਟਰਾਂ ਨੂੰ ਚੇਤਾਵਨੀ ਦੇਣਾ ਚਾਹੁੰਦੀ ਹਾਂ, ਜੋ ਅਲਟਰਾਸਾਊਂਡ ਰਿਪੋਰਟ ਵਿੱਚ ਦੱਸਦੇ ਨੇ ਕਿ ਗਰਭ ਵਿੱਚ ਲੜਕੀ ਹੈ ਜਾਂ ਲੜਕਾ.. ਤੇ ਉਹ ਡਾਕਟਰ, ਜੋ ਭਰੂਣ ਅੰਦਰ ਲੜਕੀ ਹੋਣ 'ਤੇ ਗਰਭਪਾਤ ਕਰਦੇ ਨੇ, ਸਾਡਾ ਸੰਗਠਨਾ ਐਸੇ ਡਾਕਟਰਾਂ ਵਿਰੁੱਧ ਵੀ ਲੜਾਈ ਲੜੇਗਾ।''

ਗੂੰਜਦੇ ਨਾਅਰਿਆਂ ਵਿੱਚ ਕਮਲਾ ਦੇਵੀ ਨੇ ਆਪਣਾ ਭਾਸ਼ਣ ਖਤਮ ਕੀਤਾ। ਜੋਸ਼ੀਲੇ ਭਾਸ਼ਣ ਨਾਲ ਥੱਕੀ ਹੋਈ ਉਹ ਘਰ ਪੁੱਜ ਕੇ ਆਰਾਮ ਨਾਲ ਲੇਟ ਗਈ।

''ਝਾਈ ਜੀ ਚਾਹ ਲਿਆਵਾਂ?'' ਆਗਿਆਕਾਰੀ ਪੁੱਤਰ ਅਨਿਲ ਨੇ ਕਮਲਾ ਦੇਵੀ ਲੱਤਾਂ ਘੁੱਟਦਿਆਂ ਪੁੱਛਿਆ।

''ਤੇਰੀ ਵਹੁਟੀ ਨੂੰ ਤਾਂ ਏਨੀ ਅਕਲ ਵੀ ਨਹੀਂ ਕਿ ਮੈਂ ਬਾਹਰੋਂ ਆਈ ਆਂ.. ਕੋਈ ਪਾਣੀ ਧਾਣੀ ਜਾਂ ਚਾਹ ਈ ਪੁੱਛ ਲਵੇ।'' ਉਸ ਨੇ ਪੁੱਤਰ ਨੂੰ ਉਹਦੀ ਵਹੁਟੀ ਭੋਲੀ ਦੇ ਖਿਲਾਫ ਕਰਨ ਵਾਲੇ ਲਹਿਜੇ ਵਿੱਚ ਕਿਹਾ।

ਤੀਹ ਸਾਲਾ ਅਨਿਲ ਦੇ ਵਿਆਹ ਨੂੰ ਪੰਜ ਸਾਲ ਹੋਏ ਸਨ। ਉਹ ਪਿਓ ਨਾਲ ਕੱਪੜੇ ਦੇ ਕਾਰੋਬਾਰ ਵਿੱਚ ਸੀ, ਚੰਗੀ ਆਮਦਨ ਸੀ। ਵਿਆਹ ਤੋਂ ਸਾਲ ਬਾਅਦ ਹੀ ਇੱਕ ਕੰਨਿਆ ਜਨਮੀ ਤੇ ਅਗਲੇ ਸਾਲ ਦੂਜੀ ਬੇਟੀ ਨੇ ਜਨਮ ਲੈ ਲਿਆ। ਦੋਵੇਂ ਗੁੱਡੀਆਂ ਬਹੁਤ ਹੀ ਪਿਆਰੀਆਂ ਸਨ।

''ਝਾਈ ਜੀ.. ਕੱਲ੍ਹ ਮੈਂ ਭੋਲੀ ਨਾਲ ਡਾਕਟਰ ਆਂਟੀ ਕੋਲ ਗਿਆ ਸੀ..'' ਲੱਤਾਂ ਘੁੱਟਦਿਆਂ ਅਨਿਲ ਨੇ ਆਪਣੀ ਮਾਂ ਕਮਲਾ ਦੇਵੀ ਨਾਲ ਗੱਲ ਚਲਾਈ।

''ਅੱਛਾ.. ਕੀ ਕਹਿੰਦੀ ਸੀ ਡਾਕਟਰ ਆਂਟੀ..? ਐਤਕਾਂ ਵੀ ਕਿਤੇ ਪੱਥਰ ਈ ਤਾਂ ਨਹੀਂ ਸਾਡੇ ਕਰਮਾਂ ਵਿੱਚ?'' ਉਤਸੁਕਤਾ ਵਿੱਚ ਉਹ ਇਕੋ ਵਾਰੀ ਕਿੰਨੇ ਹੀ ਸਵਾਲ ਪੁੱਛ ਗਈ।

''ਆਂਟੀ ਕਹਿੰਦੀ ਸੀ ਕਿ ਡਾ. ਸ਼ਰਮਾ ਸਹੀ ਰਿਪੋਰਟ ਦਿੰਦੇ ਨੇ..। ਲਿਖ ਕੇ ਦੱਸਦੇ ਨੇ ਕਿ ਬੱਚਾ ਠੀਕ ਠਾਕ ਹੈ, ਪਰ ਕੰਨ ਵਿੱਚ ਦੱਸ ਦਿੰਦੇ ਨੇ ਕੁੜੀ ਹੈ ਕਿ ਮੁੰਡਾ..। ਜੇ ਤੁਸੀਂ ਕਹੋ ਤਾਂ ਅੱਜ ਅਲਟਰਾਸਾਊਂਡ ਕਰਾ ਈ ਲਿਆਵਾਂ?''

''ਹਾਂ ਬੇਟਾ, ਇਹ ਟੈਸਟ ਤਾਂ ਐਤਕੀਂ ਜ਼ਰੂਰ ਕਰਵਾਉਣਾ ਏ, ਮੈਂ ਸੁਣਿਐ ਬਈ ਡਾ. ਸ਼ਰਮਾ ਬੜਾ ਸਿਆਣਾ ਏ, ਉਹਦੀ ਰਿਪੋਰਟ ਠੀਕ ਹੁੰਦੀ ਏ.. ਰੱਬ ਨੇ ਪਹਿਲਾਂ ਈ ਦੋ ਪੱਥਰ ਦਿੱਤੇ ਹੋਏ ਨੇ.. ਐਤਕੀਂ ਫੁੱਲ ਦਾ ਮੂੰਹ ਦਿਖਾਵੇ..।''

''ਪਰ ਝਾਈ ਜੀ.. ਜੇ ਕੋਈ ਐਸੀ ਵੈਸੀ ਗੱਲ ਹੋ ਗਈ ਤਾਂ..?

''ਨਹੀਂ ਪੁੱਤ, ਰੱਬ-ਰੱਬ ਕਰ। ਪਰਮਾਤਮਾ ਇਸ ਵਾਰ ਮਿਹਰਬਾਨ ਹੋ ਜਾਊ, ਭੋਲੀ ਨੂੰ ਇਸ ਵਾਰ ਦੱਸ ਦੇਈ.. ਦਾਜ ਘੱਟ ਲਿਆਉਣ ਵਾਲੀ ਗੱਲ ਤਾਂ ਮੈਂ ਜਰੀ ਹੋਈ ਏ.. ਇਹਨੇ ਦੋ ਕੁੜੀਆਂ ਜੰਮੀਆਂ.. ਮੈਂ ਉਹ ਵੀ ਜਰ ਲਈਆਂ। ਜੇ ਤੀਸਰੀ ਵਾਰ ਵੀ ਕੁੜੀ ਈ ਹੋਈ ਤਾਂ ਮੇਰੇ ਨਾਲੋਂ ਬੁਰਾ ਕੋਈ ਨਹੀਂ ਹੋਵੇਗਾ..।'' ਕਮਲਾ ਦੇਵੀ ਰੋਹ ਵਿੱਚ ਆ ਗਈ ਸੀ।

## ਮਾਂ ਦਾ ਡਰ

-ਪ੍ਰੋ. ਗੁਰਦੀਪ ਸਿੰਘ ਸਚਦੇਵਾ

ਇੱਕ ਦਿਨ ਐਮ ਏ ਦੀ ਕਲਾਸ ਨੂੰ ਪੜ੍ਹਾਉਂਦੀ ਨੂੰ ਮੈਨੂੰ ਮੇਰੀ ਇੱਕੋ-ਇੱਕ ਧੀ ਨਵਤੇਜ ਦਾ ਫੋਨ ਆਇਆ ਤੇ ਮੈਂ ਬਹੁਤ ਖੁਸ਼ ਹੋਈ, ਕਿਉਂਕਿ ਸੱਤ ਸਾਲ ਬਾਅਦ ਮੇਰੀ ਧੀ ਅਮਰੀਕਾ ਤੋਂ ਪੰਜਾਬ ਸਾਡੇ ਕੋਲ ਆਪਣੇ ਘਰ ਵਾਪਸ ਆ ਰਹੀ ਸੀ। ਉਸ ਦੀ ਪੜ੍ਹਾਈ ਖਤਮ ਹੋ ਚੁੱਕੀ ਸੀ। ਮੈਂ ਤੇ ਦਮਨ (ਮੇਰੇ ਪਤੀ) ਬਹੁਤ ਖੁਸ਼ ਸਾਂ।

ਅਗਲੇ ਦਿਨ ਸਵੇਰੇ ਦਰਵਾਜ਼ੇ ਦੀ ਘੰਟੀ ਵੱਜੀ ਤੇ ਮੈਂ ਦਰਵਾਜ਼ਾ ਖੋਲ੍ਹਿਆ। ਨਵਤੇਜ ਦਰਵਾਜ਼ੇ 'ਤੇ ਖੜ੍ਹੀ ਸੀ ਬਹੁਤ ਖੁਸ਼। ਉਹ ਮੈਨੂੰ ਗਲੇ ਮਿਲੀ ਤੇ ਉਸ ਦੇ ਨਾਲ ਉਸ ਦਾ ਇੱਕ ਦੋਸਤ ਡੇਵਿਡ ਵੀ ਸੀ ਜਿਸ ਨੇ ਝੁਕ ਕੇ ਮੇਰੇ ਪੈਰਾਂ 'ਤੇ ਮੱਥਾ ਟੇਕਿਆ ਤੇ ਸਤਿ ਸ੍ਰੀ ਅਕਾਲ ਬੁਲਾਈ। ਮੇਰੇ ਕਹਿਣ 'ਤੇ ਦੋਵੇਂ ਅੰਦਰ ਆ ਗਏ। ਡੇਵਿਡ ਬੜਾ ਵਧੀਆ ਸੁਭਾਅ ਦਾ ਲੜਕਾ ਜਾਪਿਆ। ਉਸ ਨੂੰ ਮਿਲ ਕੇ, ਉਸ ਨਾਲ ਗੱਲਾਂ ਕਰਕੇ ਮਹਿਸੂਸ ਹੋਇਆ। ਨਵਤੇਜ ਨੇ ਮੈਨੂੰ ਦੱਸਿਆ ਕਿ ਡੇਵਿਡ ਜੀਵ ਵਿਗਿਆਨ ਵਿੱਚ ਪੀ ਐੱਚ ਡੀ ਕਰ ਰਿਹਾ ਸੀ। ਇੱਕ ਖਾਸ ਗੱਲ ਉਸ ਨੇ ਮੈਨੂੰ ਦੱਸੀ ਕਿ ਡੇਵਿਡ ਸਿੱਖ ਧਰਮ ਤੇ ਪੰਜਾਬੀ ਸੱਭਿਆਚਾਰ ਬਾਰੇ ਪੜ੍ਹਦਾ ਰਹਿੰਦਾ ਹੈ ਤੇ ਬਹੁਤ ਜਾਣਕਾਰੀ ਰੱਖਦਾ ਹੈ। ਉਂਜ ਡੇਵਿਡ ਨਾਲ ਗੱਲਾਂ ਕਰਦੇ ਹੋਏ ਸਾਨੂੰ ਇਹ ਪਤਾ ਲੱਗ ਹੀ ਗਿਆ ਸੀ। ਰਾਤ ਖਾਣੇ 'ਤੇ ਨਵਤੇਜ ਨੇ ਮੈਨੂੰ ਤੇ ਦਮਨ ਨੂੰ ਦੱਸਿਆ ਕਿ ਉਹ ਇੱਕ-ਦੂਜੇ ਨੂੰ ਪਿਆਰ ਕਰਦੇ ਹਨ ਤੇ ਉਹ ਡੇਵਿਡ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ। ਇਸ ਲਈ ਉਹ ਡੇਵਿਡ ਨੂੰ ਸਾਨੂੰ ਮਿਲਾਉਣ ਲਿਆਈ ਹੈ।

ਉਸ ਸਾਰੀ ਰਾਤ ਮੈਂ ਸੌਂ ਨਾ ਸਕੀ। ਕਿਉਂਕਿ ਅਮਰੀਕਾ ਦੇ ਸਭਿਆਚਾਰ ਵਿੱਚ ਵਿਆਹ ਸਿਸਟਮ ਓਨੀ ਮਹੱਤਤਾ ਨਹੀਂ ਰੱਖਦਾ, ਜਿੰਨੀ ਪੰਜਾਬ ਦੇ ਸਭਿਆਚਾਰ ਵਿੱਚ ਰੱਖਦਾ ਹੈ। ਜੇ ਵਿਆਹ ਤੋਂ ਬਾਅਦ ਪਤੀ ਪਤਨੀ ਦੀ ਨਹੀਂ ਨਿਭਦੀ ਤਾਂ ਤਲਾਕ ਵੀ ਜਲਦੀ ਹੋ ਜਾਂਦਾ ਹੈ। ਸਾਡੇ ਇੱਥੇ ਇਸ ਤਰ੍ਹਾਂ ਨਹੀਂ ਹੁੰਦਾ। ਸਾਰੀ ਉਮਰ ਪਤੀ ਪਤਨੀ ਇੱਕ ਦੂਜੇ ਨਾਲ ਮਿਲ ਕੇ ਰਹਿੰਦੇ ਹਨ। ਨਵਤੇਜ ਦੱਸ ਰਹੀ ਸੀ ਕਿ ਉਸ ਨੇ ਡੇਵਿਡ ਨੂੰ ਆਪਣੇ ਸਭਿਆਚਾਰ ਬਾਰੇ ਸਭ ਦੱਸ ਦਿੱਤਾ ਤੇ ਉਹ ਇਨ੍ਹਾਂ ਸਭ ਗੱਲਾਂ ਸਮਝਦਾ ਹੈ। ਫਿਰ ਦਮਨ ਨੇ ਮੈਨੂੰ ਸਮਝਾਇਆ ਕਿ ਇਹ ਉਥੋਂ ਦਾ ਕਲਚਰ ਹੈ ਜਿਸ ਵਿੱਚ ਮਰਦ ਦੇ ਨਾਲ-ਨਾਲ ਔਰਤ ਨੂੰ ਵੀ ਆਜ਼ਾਦੀ ਹੈ। ਵਿਆਹ ਦਾ ਫੈਸਲਾ ਉਨ੍ਹਾਂ ਦਾ ਹੈ, ਸਾਨੂੰ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ। ਇਸ ਨਾਲ ਮੈਨੂੰ ਥੋੜ੍ਹ ਜਿਹਾ ਸਕੂਨ ਮਿਲਿਆ। ਸ਼ਾਇਦ ਇਹ ਇੱਕ ਮਾਂ ਦਾ ਡਰ ਹੀ ਸੀ ਜੋ ਭਾਂਤ-ਭਾਂਤ ਦੀਆਂ ਗੱਲਾਂ ਮੇਰੇ ਮਨ ਵਿੱਚ ਆਈਆਂ ਸਨ। ਇਹ ਸੋਚਦਿਆਂ ਪਤਾ ਹੀ ਨਹੀਂ ਲੱਗਿਆ ਕਿ ਮੈਨੂੰ ਕਦੋਂ ਨੀਂਦ ਆ ਗਈ।

## ਚੰਗੀ ਕਿਸਮਤ

-ਪ੍ਰਤਾਪ 'ਪਾਰਸ' ਗੁਰਦਾਸਪੁਰੀ

ਸਵੇਰੇ ਸੈਰ ਕਰਕੇ ਵਾਪਸ ਆਉਂਦਿਆਂ ਮੈਂ ਰੋਜ਼ਾਨਾ ਰਾਹ ਵਿੱਚ ਸੜਕ ਕਿਨਾਰੇ ਰਹਿੰਦੇ ਟੱਪਰੀਵਾਸਾਂ ਦੀਆਂ ਕੋਈ ਬਾਰਾਂ-ਬਾਰਾਂ ਤੇਰਾਂ-ਤੇਰਾਂ ਸਾਲ ਦੀਆਂ ਦੋ ਕੁੜੀਆਂ ਨੂੰ ਕੂੜੇ ਦੇ ਢੇਰ ਫਰੋਲਦਿਆਂ ਵੇਖਦਾ। ਮੈਂ ਉਨ੍ਹਾਂ ਨੂੰ ਕਈ ਵਾਰ ਕਿੰਨਾ-ਕਿੰਨਾ ਚਿਰ ਕੂੜੇ ਦੇ ਢੇਰ ਨੂੰ ਫਰੋਲਦਿਆਂ ਖਲੋਂ ਕੇ ਵੇਖਦਾ ਰਹਿੰਦਾ ਤੇ ਕਦੀ-ਕਦੀ ਪਜਾਮੇ ਦੀ ਜੇਬ੍ਹ ਵਿੱਚ ਹੁੰਦੇ ਪੰਜ-ਦਸ ਰੁਪਏ ਵੀ ਦੇ ਦਿੰਦਾ।

ਅੱਜ ਵੀ ਸਵੇਰ ਦੀ ਸੈਰ ਕਰਕੇ ਵਾਪਸ ਆ ਰਿਹਾ ਸੀ ਤੇ ਦੋਵੇਂ ਕੁੜੀਆਂ ਰੋਜ਼ਾਨਾ ਦੀ ਤਰ੍ਹਾਂ ਕੂੜਾ ਫਰੋਲ ਰਹੀਆਂ ਸਨ। ਮੈਂ ਉਥੇ ਰੁਕ ਗਿਆ। ਉਨ੍ਹਾਂ ਦੋਵਾਂ ਵਿੱਚੋਂ ਇੱਕ ਨੂੰ ਇੱਕ ਪੁਰਾਣਾ ਲੇਡੀਜ਼ ਪਰਸ ਲੱਭ ਗਿਆ। ਉਹ ਜਲਦੀ-ਜਲਦੀ ਉਸ ਪਰਸ ਦੀਆਂ ਜ਼ਿੱਪਾਂ ਖੋਲ੍ਹਣ ਲੱਗ ਪਈ। ਉਸ ਨੂੰ ਪਰਸ ਦੀਆਂ ਅੰਦਰ ਦੀਆਂ ਜੇਬ੍ਹਾਂ ਵਿੱਚੋਂ ਵੀਹ ਰੁਪਏ ਦਾ ਨੋਟ ਲੱਭ ਗਿਆ ਜੋ ਕੋਈ ਔਰਤ ਪਰਸ ਸੁੱਟਣ ਵੇਲੇ ਇਸ ਵਿੱਚੋਂ ਕੱਢਣਾ ਭੁੱਲ ਗਈ ਲੱਗਦੀ ਸੀ। ਉਸ ਨੇ ਜ਼ੋਰ ਦੀ ਚੀਕ ਮਾਰੀ, ''ਮਾਣੋ, ਵੀਹ ਰੁਪਏ ਨਿਕਲੇ ਪਰਸ ਵਿੱਚੋਂ!''

''ਹੈਂ ਨੀ ਤੇਰੀ ਐਨੀ ਚੰਗੀ ਕਿਸਮਤ!'' ਮੈਂ ਦੂਜੀ ਕੁੜੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਸੋਚੀ ਪਿਆ 'ਚੰਗੀ ਕਿਸਮਤ' ਦੀ ਪਰਿਭਾਸ਼ਾ ਦੇ ਪੈਮਾਨਿਆਂ ਨੂੰ ਆਂਕਦਾ ਪਤਾ ਹੀ ਨਾ ਲੱਗਾ ਕਦੋਂ ਘਰ ਦੇ ਗੇਟ 'ਤੇ ਆ ਪੁੱਜਾ।

## ਪੰਕਜ ਤ੍ਰਿਪਾਠੀ ਨੇ NCB ਨਾਲ ਮਿਲਾਇਆ ਹੱਥ, ਡਰੱਗਸ ਖ਼ਿਲਾਫ਼ ਨੌਜਵਾਨਾਂ ਨੂੰ ਕਰਨਗੇ ਜਾਗਰੂਕ



**ਨਵੀਂ ਦਿੱਲੀ।** ਨਾਰਕਾਟਿਕਸ ਕੰਟਰੋਲ ਬਿਊਰੋ ਦੀ ਡਰੱਗਸ ਵਿਰੁੱਧ ਮੁਹਿੰਮ 'ਚ ਪੰਕਜ ਤ੍ਰਿਪਾਠੀ ਉਨ੍ਹਾਂ ਦੇ ਨਾਲ ਆ ਗਏ ਹਨ। ਪੰਕਜ ਤ੍ਰਿਪਾਠੀ ਨੇ ਨਸ਼ੇ ਖ਼ਿਲਾਫ਼ ਜਾਗਰੂਕਤਾ ਲਈ ਆਪਣੀ ਆਵਾਜ਼ 'ਚ ਇਕ ਸੰਦੇਸ਼ ਵੀ ਰਿਕਾਰਡ ਕੀਤਾ ਹੈ। ਪੰਕਜ ਨਾਲ ਇਸਦੇ ਲਈ ਐੱਨਸੀਬੀ ਦੇ ਪਟਨਾ ਜ਼ੋਨਲ ਯੂਨਿਟ ਨੇ ਸੰਪਰਕ ਕੀਤਾ ਸੀ।

**ਪੰਕਜ ਤ੍ਰਿਪਾਠੀ ਨੇ ਐੱਨਸੀਬੀ ਨਾਲ ਮਿਲਾਇਆ ਹੱਥ**

ਦਰਅਸਲ, ਹਰ ਸਾਲ 26 ਜੂਨ ਨੂੰ ਇੰਟਰਨੈਸ਼ਨਲ ਡੇਅ ਅਗੇਂਸਟ ਡਰੱਗ ਜਾਂ ਵਰਲਡ ਡਰੱਗ ਡੇਅ ਮਨਾਇਆ ਜਾਂਦਾ ਹੈ। ਇਸ ਦਿਨ ਡਰੱਗਸ ਦੇ ਇਸਤੇਮਾਲ 'ਤੇ ਰੋਕ ਅਤੇ ਇਸਦੇ ਪ੍ਰਤੀ ਜਾਗਰੂਕਤਾ ਮੁਹਿੰਮ ਚਲਾਈ ਜਾਂਦੀ ਹੈ। ਇਸਦੇ ਲਈ ਪੰਕਜ ਤ੍ਰਿਪਾਠੀ ਨੇ ਐੱਨਸੀਬੀ ਨਾਲ ਹੱਥ ਮਿਲਾਇਆ ਹੈ ਅਤੇ ਡਰੱਗਸ ਦੇ ਇਸਤੇਮਾਲ ਖ਼ਿਲਾਫ਼ ਇਕ ਜ਼ਰੂਰੀ ਸੰਦੇਸ਼ ਦੇਣ ਦਾ ਫ਼ੈਸਲਾ ਕੀਤਾ ਹੈ।

**ਨੌਜਵਾਨਾਂ ਨੂੰ ਕਰਨਗੇ ਜਾਗਰੂਕ**

ਬੰਬੇ ਟਾਈਮਜ਼ ਨਾਲ ਗੱਲ ਕਰਦੇ ਹੋਏ ਪੰਕਜ ਨੇ ਕਿਹਾ, ਮੈਨੂੰ ਲੱਗਦਾ ਹੈ ਕਿ ਜਾਗਰੂਕਤਾ ਰਾਹੀਂ ਹੀ ਅੱਜ ਦੀ ਪੀੜ੍ਹੀ ਨੂੰ ਡਰੱਗਸ ਦੇ ਇਸਤੇਮਾਲ ਤੋਂ ਦੂਰ ਕੀਤਾ ਜਾ ਸਕਦਾ ਹੈ। ਸਾਨੂੰ ਡਰੱਗਸ ਦੇ ਚੰਗੁਲ 'ਚ ਫਸਣ ਦੀ ਥਾਂ ਹਮੇਸ਼ਾ ਜ਼ਿੰਦਗੀ ਦੇ ਪਾਜ਼ੇਟਿਵ ਪਹਿਲੂ ਨੂੰ ਦੇਖਣਾ ਚਾਹੀਦਾ ਹੈ। ਮੈਂ ਹਮੇਸ਼ਾ ਡਰੱਗਸ ਦੇ ਇਸਤੇਮਾਲ ਖ਼ਿਲਾਫ਼ ਖੜ੍ਹਾ ਹਾਂ ਅਤੇ ਹਮੇਸ਼ਾ ਖੜ੍ਹਾ ਰਹਾਂਗਾ। ਮੈਨੂੰ ਉਮੀਦ ਹੈ ਕਿ ਦੇਸ਼ ਅਤੇ ਦੁਨੀਆ ਇਕ ਦਿਨ ਜ਼ਰੂਰ ਇਸਦੀ ਚੰਗੁਲ 'ਚੋਂ ਮੁਕਤ ਹੋਵੇਗਾ ਅਤੇ ਸਾਡੀ ਜਿੱਤ ਹੋਵੇਗੀ।

## ਅੰਕਿਤਾ ਰੈਨਾ ਨੂੰ ਓਲੰਪਿਕ ਕੋਟਾ ਦਿਵਾਉਣ ਲਈ ਏਆਈਟੀਏ ਨੇ ਕੀਤੀ ਬੇਨਤੀ



**ਨਵੀਂ ਦਿੱਲੀ :** ਸਰਬ ਭਾਰਤੀ ਟੈਨਿਸ ਮਹਾਸੰਘ (ਏਆਈਟੀਏ) ਨੇ ਆਈਟੀਐੱਫ ( ਅੰਤਰਰਾਸ਼ਟਰੀ ਟੈਨਿਸ ਮਹਾਸੰਘ) ਨੂੰ ਬੇਨਤੀ ਕੀਤੀ ਹੈ ਕਿ ਅੰਕਿਤਾ ਰੈਨਾ ਨੂੰ 2018 ਏਸ਼ਿਆਈ ਖੇਡਾਂ ਵਿਚ ਕਾਂਸੇ ਦੇ ਮੈਡਲ ਦੇ ਆਧਾਰ 'ਤੇ ਟੋਕੀਓ ਓਲੰਪਿਕ ਦੇ ਮਹਿਲਾ ਸਿੰਗਲ ਡਰਾਅ ਵਿਚ ਇਕ ਸਥਾਨ ਦੇਣ 'ਤੇ ਵਿਚਾਰ ਕੀਤਾ ਜਾਵੇ ਕਿਉਂਕਿ ਚੀਨ ਦੀ ਵਾਂਗ ਕਿਆਂਗ ਤੇ ਝਾਂਗ ਸ਼ੁਆਈ ਆਪਣੀ ਉੱਚੀ ਰੈਂਕਿੰਗ ਨਾਲ ਸਿੱਧਾ ਪ੍ਰਵੇਸ਼ ਦੇ ਯੋਗ ਹਨ।

## ਭਾਰਤ ਤੇ ਇੰਗਲੈਂਡ ਵਿਚਾਲੇ ਐਤਵਾਰ ਤੋਂ ਸ਼ੁਰੂ ਹੋਵੇਗੀ ਤਿੰਨ ਮੈਚਾਂ ਦੀ ਸੀਰੀਜ਼

**ਬ੍ਰਿਸਟਲ।** ਭਾਰਤੀ ਮਹਿਲਾ ਟੀਮ ਐਤਵਾਰ ਤੋਂ ਇੱਥੇ ਸ਼ੁਰੂ ਹੋ ਰਹੀ ਤਿੰਨ ਮੈਚਾਂ ਦੀ ਵਨ ਡੇ ਸੀਰੀਜ਼ ਦੇ ਪਹਿਲੇ ਮੈਚ ਤੋਂ ਹੀ ਮਜ਼ਬੂਤ ਵਿਸ਼ਵ ਚੈਂਪੀਅਨ ਇੰਗਲੈਂਡ ਖ਼ਿਲਾਫ਼ ਸ਼ਾਨਦਾਰ ਪ੍ਰਦਰਸ਼ਨ ਕਰਨਾ ਚਾਹੇਗੀ ਜਿਸ ਵਿਚ ਨੌਜਵਾਨ ਖਿਡਾਰਨ ਸ਼ੇਫਾਲੀ ਵਰਮਾ ਆਪਣੀ ਵਨ ਡੇ 'ਚ ਸ਼ੁਰੂਆਤ ਕਰਨ ਲਈ ਤਿਆਰ ਹੈ। ਸ਼ੇਫਾਲੀ ਨੇ ਅਜੇ ਤਕ 22 ਟੀ-20 ਅੰਤਰਰਾਸ਼ਟਰੀ ਮੈਚ ਖੇਡੇ ਹਨ ਤੇ ਇਸ 17 ਸਾਲ ਦੀ ਬੱਲੇਬਾਜ਼ ਨੇ ਆਪਣੇ ਪ੍ਰਦਰਸ਼ਨ ਨਾਲ ਵਿਸ਼ਵ ਕ੍ਰਿਕਟ ਨੂੰ ਆਪਣੇ ਵੱਲ ਆਕਰਸ਼ਤ ਕੀਤਾ ਹੈ। ਪਰ ਸ਼ੇਫਾਲੀ ਨੂੰ ਦੱਖਣੀ ਅਫਰੀਕੀ ਮਹਿਲਾ ਟੀਮ ਖ਼ਿਲਾਫ਼ ਪਿਛਲੀ ਘਰੇਲੂ ਸੀਰੀਜ਼ ਲਈ ਨਹੀਂ ਚੁਣਿਆ ਗਿਆ ਸੀ ਜਿਸ ਵਿਚ ਭਾਰਤ ਨੂੰ ਬੁਰੀ ਤਰ੍ਹਾਂ ਹਾਰ ਸਹਿਣੀ ਪਈ ਸੀ। ਟੀਮ ਇਸ ਸੀਰੀਜ਼ ਵਿਚ ਸ਼ਾਨਦਾਰ ਪ੍ਰਦਰਸ਼ਨ ਨਾਲ ਉਸ ਪਿਛਲੀ ਸੀਰੀਜ਼ ਦੀ ਹਾਰ ਨੂੰ ਭੁੱਲਣਾ ਚਾਹੇਗੀ। ਭਾਰਤੀ ਟੀਮ ਦੱਖਣੀ ਅਫਰੀਕਾ ਹੱਥੋਂ 1-4 ਨਾਲ ਹਾਰ ਗਈ ਸੀ ਤੇ ਉਸ ਸੀਰੀਜ਼ ਵਿਚ ਸ਼ੇਫਾਲੀ ਨੂੰ ਬਾਹਰ ਕਰਨ ਨੂੰ ਲੈ ਕੇ ਕਾਫੀ ਵਿਵਾਦ ਹੋਇਆ ਸੀ। ਹਾਲਾਂਕਿ ਐਤਵਾਰ ਨੂੰ ਭਾਰਤੀ ਟੀਮ ਮੈਨੇਜਮੈਂਟ ਇਸ ਤਰ੍ਹਾਂ ਦੀ ਕੋਈ ਗ਼ਲਤੀ ਨਹੀਂ ਕਰੇਗੀ ਜਿਸ ਨੂੰ ਪਿਛਲੇ ਹਫ਼ਤੇ ਇੰਗਲੈਂਡ ਖ਼ਿਲਾਫ਼ ਸ਼ੇਫਾਲੀ ਦੀ ਟੈਸਟ ਸ਼ੁਰੂਆਤ ਵਿਚ 96 ਤੇ 63 ਦੌੜਾਂ ਦੇ ਸਕੋਰ ਨੂੰ ਦੇਖ ਕੇ ਉਸ ਦੀ ਅਹਿਮੀਅਤ ਪਤਾ ਲੱਗ ਗਈ ਹੈ। ਭਾਰਤੀ ਟੀਮ ਲਈ ਸ਼ੇਫਾਲੀ ਦੀ ਧਮਾਕੇਦਾਰ ਬੱਲੇਬਾਜ਼ੀ ਕਾਫੀ ਮਹੱਤਵਪੂਰਨ ਹੈ। ਉੱਪ ਕਪਤਾਨ ਹਰਮਨਪ੍ਰੀਤ ਕੌਰ ਤੇ ਸਮ੍ਰਿਤੀ ਮੰਧਾਨਾ ਨੂੰ ਛੱਡ ਕੇ ਟੀਮ ਵਿਚ ਕੋਈ ਅਸਰਦਾਰ ਖਿਡਾਰਨ ਮੌਜੂਦ ਨਹੀਂ ਹੈ ਤੇ ਉਹ ਵੀ ਆਪਣੀ ਸਰਬੋਤਮ ਲੈਅ ਵਿਚ ਨਹੀਂ ਹਨ। ਰੱਖਿਆਤਮਕ ਖਿਡਾਰਨ ਪੂਨਮ ਰਾਉਤ, ਸਿਖਰਲੇ ਨੰਬਰ ਵਿਚ ਕਪਤਾਨ ਮਿਤਾਲੀ ਰਾਜ ਦੇ ਨਾਲ ਸ਼ੇਫਾਲੀ ਜੇ ਲੈਅ ਵਿਚ ਹੋਵੇ ਤਾਂ ਬੱਲੇਬਾਜ਼ੀ ਵਿਚ ਕਾਫੀ ਫ਼ਰਕ ਪੈਦਾ ਕਰ ਸਕਦੀ ਹੈ। ਸ਼ੇਫਾਲੀ ਨੇ ਆਨਿਆ ਸ਼ੁਬਸੋਲ, ਕੈਥਰੀਨ ਬ੍ਰੰਟ, ਕੇਟ ਕ੍ਰਾਸ, ਨੈਟ ਸਕੀਵਰ ਤੇ ਸੋਫੀ ਏਕਲੇਸਟੋਨ ਨੂੰ ਜਿਸ ਤਰ੍ਹਾਂ ਖੇਡਿਆ ਸੀ ਉਸ ਨਾਲ ਯਕੀਨੀ ਤੌਰ 'ਤੇ ਘਰੇਲੂ ਟੀਮ ਦਾ ਕੋਚਿੰਗ ਸਟਾਫ ਇਸ ਹਰਿਆਣਵੀ ਖਿਡਾਰਨ ਨੂੰ ਰੋਕਣ ਦੀ ਯੋਜਨਾ ਬਣਾ ਰਿਹਾ ਹੋਵੇਗਾ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਭਾਰਤੀ ਟੀਮ ਕੀ ਰਹੇਗੀ ਜਿਸ ਦੀ ਦੱਖਣੀ ਅਫਰੀਕਾ ਖ਼ਿਲਾਫ਼ ਸੀਰੀਜ਼ ਵਿਚ ਕਾਫੀ ਨਿੰਦਾ ਹੋਈ ਸੀ। ਪ੍ਰਿਆ ਪੂਨੀਆ ਦੱਖਣੀ ਅਫਰੀਕਾ ਖ਼ਿਲਾਫ਼ ਘਰੇਲੂ ਸੀਰੀਜ਼ ਵਿਚ ਇੰਨਾ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀ ਸੀ ਤੇ ਭਾਰਤ ਕੋਲ ਵਿਕਟਕੀਪਰ ਬੱਲੇਬਾਜ਼ ਇੰਦਰਾਣੀ ਰਾਇ ਦੇ ਰੂਪ ਵਿਚ ਬਦਲ ਮੌਜੂਦ ਹੈ ਜਿਨ੍ਹਾਂ ਨੂੰ ਘਰੇਲੂ 50 ਓਵਰਾਂ ਦੇ ਟੂਰਨਾਮੈਂਟ ਵਿਚ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਟੀਮ ਵਿਚ ਚੁਣਿਆ ਗਿਆ ਹੈ। ਜੇ ਸਮ੍ਰਿਤੀ ਮੰਧਾਨਾ ਤੇ ਸ਼ੇਫਾਲੀ ਵਰਮਾ ਪਾਰੀ ਦਾ ਆਗਾਜ਼ ਕਰਦੀਆਂ ਹਨ ਤਾਂ ਇੰਦਰਾਣੀ ਨੂੰ ਆਪਣੇ ਮੌਕੇ ਦੀ ਉਡੀਕ ਕਰਨੀ ਪਵੇਗੀ ਕਿਉਂਕਿ ਆਪਣੇ ਚੰਗੇ ਪ੍ਰਦਰਸ਼ਨ ਤੇ ਥੋੜ੍ਹੇ ਬਿਹਤਰ ਸਟ੍ਰਾਈਕ ਰੇਟ ਤੋਂ ਬਾਅਦ ਪੂਨਮ ਰਾਉਤ ਤੀਜੇ ਨੰਬਰ 'ਤੇ ਬੱਲੇਬਾਜ਼ੀ ਕਰਨਾ ਚਾਹੇਗੀ ਜਿਨ੍ਹਾਂ ਤੋਂ ਬਾਅਦ ਕਪਤਾਨ ਤੇ ਉੱਪ ਕਪਤਾਨ ਚੌਥੇ-ਪੰਜਵੇਂ ਨੰਬਰ 'ਤੇ ਉਤਰਨਗੀਆਂ। ਇੰਗਲੈਂਡ ਲਈ ਸੋਫੀਆ ਡੰਕਲੇ ਨੂੰ ਪਿਛਲੇ ਹਫ਼ਤੇ ਆਪਣੀ ਸ਼ਾਨਦਾਰ ਟੈਸਟ ਸ਼ੁਰੂਆਤ ਕਾਰਨ ਆਪਣੀ ਸ਼ੁਰੂਆਤੀ ਵਨ ਡੇ ਕੈਪ ਮਿਲ ਸਕਦੀ ਹੈ ਪਰ ਬੱਲੇਬਾਜ਼ੀ ਜ਼ਿਆਦਾਤਰ ਪੇਸ਼ੇਵਰ ਟੈਮੀ ਬਿਊਮੋਂਟ, ਕਪਤਾਨ ਹੀਥਰ ਨਾਈਟ ਤੇ ਹਰਫ਼ਨਮੌਲਾ ਸਕੀਵਰ 'ਤੇ ਨਿਰਭਰ ਰਹੇਗੀ।



## ਅਦਾਕਾਰਾ ਪਾਇਲ ਰੋਹਤਗੀ ਮੁੜ ਗ੍ਰਿਫ਼ਤਾਰ



**ਮੁੰਬਈ।** ਅਦਾਕਾਰਾ ਪਾਇਲ ਰੋਹਤਗੀ ਨੂੰ ਅਹਿਮਦਾਬਾਦ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਸ ਉੱਪਰ ਸੁਸਾਇਟੀ ਦੇ ਚੇਅਰਮੈਨ ਖਿਲਾਫ ਸੋਸ਼ਲ ਮੀਡੀਆ 'ਤੇ ਗਾਲ੍ਹਾਂ ਕੱਢਣ ਦਾ ਦੋਸ਼ ਹੈ। ਪਾਇਲ ਨੇ ਬਾਅਦ ਵਿਚ ਪੋਸਟ ਨੂੰ ਡਿਲੀਟ ਕਰ ਦਿੱਤਾ ਸੀ। ਇਸ ਦੇ ਨਾਲ ਹੀ ਪਾਇਲ 'ਤੇ ਸੁਸਾਇਟੀ ਦੇ ਲੋਕਾਂ ਨਾਲ ਵਾਰ-ਵਾਰ ਝਗੜਾ ਕਰਨਾ, ਚੇਅਰਮੈਨ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਵੀ ਹਨ। ਪਾਇਲ ਰੋਹਤਗੀ ਨੂੰ ਅਹਿ-ਮਦਾਬਾਦ ਸੈਟੇਲਾਈਟ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। 20 ਜੂਨ ਨੂੰ ਸੁਸਾਇਟੀ ਦੀ ਏਜੀਐੱਮ ਮੀਟਿੰਗ 'ਚ ਪਾਇਲ ਰੋਹਤਗੀ ਮੈਂਬਰ ਨਾ ਹੋਣ ਦੇ ਬਾਵਜੂਦ ਮੀਟਿਗ 'ਚ ਆਈ ਸੀ, ਜਦੋਂ ਉਸ ਨੂੰ ਬੋਲਣ ਤੋਂ ਮਨ੍ਹਾਂ ਕੀਤਾ ਗਿਆ ਤਾਂ ਉਹ ਗਾਲ੍ਹਾਂ ਕੱਢਣ ਲੱਗੀ, ਨਾਲ ਹੀ ਸੁਸਾਇਟੀ 'ਚ ਬੱਚਿਆਂ ਦੇ ਖੇਡਣ ਸਬੰਧੀ ਵੀ ਕਈ ਵਾਰ ਝਗੜਾ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਵੀ ਪਾਇਲ ਇਕ ਵਾਰ ਗ੍ਰਿਫ਼ਤਾਰ ਹੋ ਚੁੱਕੀ ਹੈ। ਪਾਇਲ ਰੋਹਤਗੀ ਨੂੰ ਰਾਜਸਥਾਨ ਦੀ ਬੂੰਦੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ ਪਰ ਬਾਅਦ ਵਿਚ ਜ਼ਮਾਨਤ ਮਿਲ ਗਈ ਸੀ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਅਜ਼ਾਦ ਉਮੀਦਵਾਰ ਕੌਂਸਲਰ ਨਾਲ ਕੀਤਾ ਜਾ ਰਿਹਾ ਪੱਖਪਾਤ: ਬੱਬਲੂ

## ਵਿਧਾਇਕ ਕੋਲੋਂ ਸਟਰੀਟ ਲਾਈਟਾਂ ਲਗਾਉਣ ਦੀ ਕੀਤੀ ਮੰਗ

**ਜੰਡਿਆਲਾ ਗੁਰ (ਕੁਲਵੰਤ ਸਿੰਘ ਵਿਰਦੀ/ਕੁਲਦੀਪ ਸਿੰਘ ਡਡਵਾਲ)** ਨਗਰ ਕੌਂਸਲ ਜੰਡਿਆਲਾ ਗੁਰੂ ਵਲੋਂ ਹਲਕਾ ਵਿਧਾਇਕ ਡੈਨੀ ਬੰਡਾਲਾ ਦੀ ਅਗਵਾਈ ਹੇਠ ਧੜਾਧੜ ਸਾਰੇ ਸ਼ਹਿਰ ਵਿਚ ਲਾਈਟਾਂ ਲਗਾਈਆਂ ਜਾ ਰਹੀਆਂ ਹਨ ਪਰ ਕੁਝ ਜਰੂਰੀ ਇਲਾਕਿਆਂ ਵਿਚ ਅਜੇ ਰਾਤ ਘੁੱਪ ਹਨੇਰਾ ਹੁੰਦਾ ਹੈ। ਵੈਰੋਵਾਲ ਰੋਡ ਸਥਿਤ ਹਸਪਤਾਲ ਦੁਖ ਨਿਵਾਰਨ ਵਾਲੇ ਰਸਤੇ ਤੇ ਕੋਈ ਵੀ ਲਾਈਟ ਨਾ ਹੋਣ ਕਰਕੇ ਮੁਹੱਲਾ ਅਤੇ ਸ਼ਹਿਰ ਵਾਸੀ ਕਾਫੀ ਪ੍ਰੇਸ਼ਾਨ ਹਨ ਕਿਉਂਕਿ ਇਹ ਹਸਪਤਾਲ 24 ਘੰਟੇ ਖੁਲਾ ਰਹਿੰਦਾ ਹੈ ਤੇ ਕਈ ਵਾਰ ਮਰੀਜ ਰਾਤ ਨੂੰ ਵੀ ਆਓਂਦੇ ਹਨ ਜਿਸ ਕਰਕੇ ਉਹਨਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ ਕਿ ਕੋਈ ਲੁਟੇਰਾ ਜਾਂ ਸਮੈਕਿਆ ਨਾ ਪੈ ਜਾਵੇ। ਇਸ ਸਬੰਧੀ ਵਾਰਡ ਦੀ ਕੌਂਸਲਰ ਰਾਜਪਾਲ ਕੌਰ ਦੇ ਪਤੀ ਬਬਲੂ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਮੇਰੀ ਪਤਨੀ ਆਜ਼ਾਦ ਉਮੀਦਵਾਰ ਦੇ ਵਜੋਂ ਇਲੈਕਸ਼ਨ ਜਿੱਤੀ ਹੈ। ਜਿਸ ਕਰਕੇ ਉਹਨਾਂ ਨਾਲ ਪੱਖਪਾਤ ਕੀਤਾ ਜਾ ਰਿਹਾ ਹੈ ਅਤੇ ਸਾਰੀ ਵਾਰਡ ਵਿਚ ਕਾਫੀ ਦਿਨਾਂ ਤੋਂ ਗੰਦਗੀ ਦੇ ਢੇਰ ਵੀ ਲੱਗੇ ਹੋਏ ਹਨ ਜਿਸ ਨਾਲ ਬਿਮਾਰੀਆਂ ਫੈਲਣ ਦਾ ਡਰ ਹੈ। ਉਹਨਾਂ ਨੇ ਹਲਕਾ ਵਿਧਾਇਕ ਕੋਲੋ ਮੰਗ ਕੀਤੀ ਕਿ ਸਾਡੇ ਇਲਾਕੇ ਵਿਚ ਵੀ ਲਾਈਟ ਲਗਾਉਣ ਅਤੇ ਗੰਦਗੀ ਦੇ ਢੇਰ ਚੁਕਵਾਉਣ ਦੇ ਹੁਕਮ ਨਗਰ ਕੌਂਸਲ ਨੂੰ ਦਿਤੇ ਜਾਣ।



# ਹਾਜੀਪੁਰ ਵਿੱਚ ਹੋ ਰਿਹਾ ਹੈ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਅਪਮਾਨ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਸਾਡੇ ਦੇਸ਼ ਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਅਹਿਮ ਯੋਗਦਾਨ ਕੀਤਾ ਸੀ ਅਤੇ ਅਹਿੰਸਾ ਦਾ ਪਾਠ ਲੋਕਾਂ ਨੂੰ ਪੜਾਉਂਦੇ ਹੋਏ ਅਤੇ ਕਈ ਸਤਿਆਗ੍ਰਹਿ ਕਰਕੇ ਬਿਨਾਂ ਕੋਈ ਹਥਿਆਰ ਚੁੱਕੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਵਿੱਚ ਮਹੱਤਵਪੂਰਨ ਯੋਗਦਾਨ ਕੀਤਾ ਸੀ। ਉਹਨਾਂ ਦੀ ਸੋਚ ਕਿ ਜੇਕਰ ਆਪ ਜੀ ਨੂੰ ਕੋਈ ਇਕ ਥੱਪੜ ਮਾਰੇ ਤੇ ਦੂਜੀ ਗੱਲ ਉਸ ਅੱਗੇ ਕਰ ਦੋ। ਉਹਨਾਂ ਦੇ ਆਜ਼ਾਦੀ ਦੀ ਲੜਾਈ ਵਿੱਚ ਯੋਗਦਾਨ ਕਰਕੇ ਸਾਡੇ ਦੇਸ ਦੀ ਸਰਕਾਰ ਨੇ ਉਹਨਾਂ ਨੂੰ ਰਾਸ਼ਟਰਪਿਤਾ ਦੀ ਉਪਾਧੀ ਦਿੱਤੀ। ਪਰ ਅੱਜ ਕੱਲ ਦੇ ਲੋਕ ਅਤੇ ਪ੍ਰਸ਼ਾਸਨ ਉਹਨਾਂ ਦੀਆ ਕੁਰਬਾਨੀਆਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਕਈ ਵਾਰ ਜਾਨੇ ਅਣਜਾਣੇ ਉਹਨਾਂ ਦਾ ਅਪਮਾਨ ਹੁੰਦਾ ਵਿਖਾਈ ਦਿੰਦਾ ਹੈ। ਅਜਿਹਾ ਮਾਮਲਾ ਅੱਜ ਕਲ ਹਾਜੀਪੁਰ ਦੇ ਬੁੱਢਾਵੜ ਚੌਂਕ ਤੋਂ ਥੋੜ੍ਹਾ ਭਗਵਾਨ ਵਾਲਮੀਕ ਜੀ ਦੇ ਮੰਦਿਰ ਦੇ ਬਾਹਰ ਇੱਕ ਬੋਰਡ ਗੰਦੀ ਨਾਲੀ ਦੇ ਨਾਲ ਪਿਆ ਹੈ ਅਤੇ ਉਸ ਦੇ ਆਲੇ ਦੁਆਲੇ ਗੰਦਗੀ ਪਈ ਹੈ। ਉਸ ਉਪਰ ਇਕ ਪਾਸੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦੀ ਫੋਟੋ ਲੱਗੀ ਹੋਈ ਹੈ ਅਤੇ ਦੂਜੇ ਪਾਸੇ ਪੰਜਾਬ ਸਰਕਾਰ ਲਿਖਿਆ ਹੋਇਆ ਹੈ। ਇਹ ਤਾਂ ਸਿੱਧਾ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦਾ ਅਪਮਾਨ ਹੈ। ਪੰਜਾਬ ਵਿੱਚ ਇਸ ਵਕਤ ਕਾਂਗਰਸ ਦੀ ਸਰਕਾਰ ਹੈ ਅਤੇ ਮਹਾਤਮਾ ਗਾਂਧੀ ਵੀ ਨੈਸ਼ਨਲ ਕਾਂਗਰਸ ਨਾਲ ਜੁੜੇ ਹੋਏ ਸਨ। ਏਥੋਂ ਰੋਜ਼ਾਨਾ ਅਨੇਕ ਲੀਡਰ ਲੰਘਦੇ ਹਨ ਪਰ ਕਿਸੀ ਨੇ ਵੀ ਬੀ ਡੀ ਪੀ ਓ ਹਾਜੀਪੁਰ ਵਲੋਂ ਲਾਏ ਇਸ ਬੋਰਡ ਤੇ ਕਾਰਵਾਈ ਤਾਂ ਕਿ ਕਰਵਾਣੀ ਸੀ ਇਤਰਾਜ਼ ਵੀ ਨਹੀਂ ਕੀਤਾ। ਉਹ ਤਾਂ ਸਗੋਂ ਗਾਂਧੀ ਜਯੰਤੀ ਨੂੰ 2 ਅਕਤੂਬਰ ਵਾਲੇ ਦਿਨ ਮਹਾਤਮਾ ਗਾਂਧੀ ਜੀ ਦੀ ਫੋਟੋ ਤੇ ਫੁਲ ਚਾੜ ਕੇ ਸਰਧਾਂਜਲੀ ਦੇ ਕੇ ਮਾਣ ਮਹਿਸੂਸ ਕਰਦੇ ਹਨ ਅਤੇ ਜਿਵੇ ਕਿ ਉਹ ਕੋਈ ਅਹਿਸਾਨ ਕਰਦੇ ਹਨ। ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦੀ ਫੋਟੋ ਓਹੀ ਹਨ ਪਰ ਤਰੀਕ ਅਤੇ ਸਥਾਨ ਬਦਲਣ ਕਾਰਣ ਮਹਿਕਮੇ ਉਹਨਾਂ ਦੀ ਇੱਜਤ ਵੀ ਸਮੇ ਅਤੇ ਤਰੀਕ ਅਨੁਸਾਰ ਕਰਦੇ ਹਨ। ਇਹ ਉਹੀ ਅਫਸਰ ਹਨ ਜੋ 2 ਅਕਤੂਬਰ ਨੂੰ ਸਰਕਾਰੀ ਛੁਟੀ ਮਾਣਦੇ ਹਨ ਅਤੇ ਉਸ ਦਿਨ ਸਿਰਫ ਮਹਾਤਮਾ ਗਾਂਧੀ ਜੀ ਦੇ




ਜੀਵਨ ਉਤੇ ਚਾਨਣਾ ਪਾ ਕੇ ਮੀਡੀਆ ਅਤੇ ਅਖਬਾਰ ਵਿੱਚ ਖੂਬ ਵਾਹਵਾਹੀ ਲੁਟਦੇ ਹਨ। ਪਰ ਜ਼ਮੀਨੀ ਹਕੀਕਤ ਵਿੱਚ ਇਹ ਸਭ ਦਿਖਾਵਾ ਕਰਦੇ ਹਨ ਇਸ ਤਰਾਂ ਸਾਰੇ ਅਫਸਰ ਅਤੇ ਲੀਡਰ ਨਹੀਂ ਕਰਦੇ ਕੁਝ ਬਹੁਤ ਇਮਾਨਦਾਰ ਵੀ ਹਨ। ਪੰਜਾਬ ਸਰਕਾਰ ਅਤੇ ਐੱਸ ਡੀ ਐਮ ਮੁਕੇਰੀਆਂ, ਡੀ ਸੀ ਸਾਹਿਬ ਹੁਸ਼ਿਆਰ-ਪੁਰ ਅੱਗੇ ਮੰਗ ਹੈ ਕਿ ਉਹ ਮਹਾਤਮਾ ਗਾਂਧੀ ਜੀ ਦੀ ਫੋਟੋ ਬਾਲਾ ਇਹ ਬੋਰਡ ਸਹੀ ਜਗਾ ਤੇ ਲਵਾਉਣ ਅਤੇ ਮਹਾਤਮਾ ਗਾਂਧੀ ਜੀ ਦਾ ਅਪਮਾਨ ਕਰਨ ਵਾਲੇ ਲੋਕਾਂ ਤੇ ਕਾਰਵਾਈ ਕੀਤੀ ਜਾਵੇ।

# ਐਸੋਸੀਏਸ਼ਨ ਆਫ ਅਨ ਏਡਿਡ ਦੇ ਕਾਲਜ ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਕੀਤਾ ਗਿਆ ਰੋਸ ਪ੍ਰਦਰਸ਼ਨ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਐਸ.ਪੀ.ਐਨ. ਕਾਲਜ ਮੁਕੇਰੀਆਂ ਦੇ ਬਾਹਰ ਐਸੋਸੀਏਸ਼ਨ ਆਫ ਅਨ ਏਡਿਡ ਕਾਲਜ ਅਧਿਆਪਕ ਪੰਜਾਬ ਅਤੇ ਚੰਡੀਗੜ੍ਹ ਵੱਲੋਂ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਇਹ ਧਰਨਾ ਲਗਾਤਾਰ ਲਗਾਇਆ ਜਾਵੇਗਾ। ਇਸ ਦਾ ਮੁੱਖ ਕਾਰਨ ਇਸ ਕਾਲਜ ਦੇ ਸਹਾਇਕ ਪ੍ਰੋਫੈਸਰ ਧਰਨ ਘਈ ਨੂੰ ਧੱਕੇ ਨਾਲ ਬਗੈਰ ਕਿਸੇ ਕਾਰਨ ਉਨ੍ਹਾਂ ਦੀਆਂ ਸੇਵਾਵਾਂ ਤੋਂ ਮਿਤੀ 23/06/21 ਨੂੰ ਬਰਖਾਸਤ ਕਰ ਦਿੱਤਾ ਗਿਆ। ਜੋ ਕਿ ਇਕ ਜ਼ਬਰਦਸਤ ਧੱਕਾ ਹੈ। ਇਸ ਧੱਕੇ ਦਾ ਮੁੱਖ ਕਾਰਨ ਇਹ ਹੈ ਕਿ ਪ੍ਰੋ ਤਰੁਣ ਘਈ ਨੇ ਮੈਨੇਜਮੈਂਟ ਦੁਆਰਾ ਵਿਦਿਆਰਥੀਆਂ ਤੋਂ ਇਕੱਤਰ ਕੀਤੇ ਪੈਸੇ ਦਾ ਹਿਸਾਬ ਆਰ.ਟੀ.ਆਈ. ਐਕਟ ਅਧੀਨ ਪੁੱਛ ਲਿਆ। ਮੈਨੇਜਮੈਂਟ ਨੇ ਇਸ ਦਾ ਜਵਾਬ ਦੇਣ ਦੀ ਬਜਾਏ ਪ੍ਰੋ ਘਈ ਨੂੰ ਉਨ੍ਹਾਂ ਦੀਆਂ ਸੇਵਾਵਾਂ ਤੋਂ ਬਰਖਾਸਤ ਕਰ ਦਿੱਤਾ। ਇਸ ਦੇ ਰੋਸ ਵਜੋਂ ਪੰਜਾਬ ਭਰ ਦੇ ਵੱਖ ਵੱਖ ਕਾਲਜਾਂ ਵੱਲੋਂ ਇੱਥੇ ਪਹੁੰਚ ਕੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਜਨਰਲ ਸਕੱਤਰ ਪ੍ਰੋ ਹਰਜੀਤ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਧੱਕੇਸ਼ਾਹੀ ਦਸੰਬਰ 2007 ਤੋਂ ਅਨ ਏਡਿਡ ਅਧਿਆਪਕ ਵਰਗ ਨੂੰ ਸਕਿਉਰਿਟੀ ਆਫ਼ ਸਰਵਿਸ ਐਕਟ 1974 ਵਿੱਚ ਸੋਧ ਕਰਕੇ ਬਾਹਰ ਕੀਤਾ ਗਿਆ ਹੈ। ਜਿਸ ਦੇ ਸਿੱਟੇ ਵਜੋਂ ਅਧਿਆਪਕਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਤੋਂ ਲਗਾਤਾਰ ਲਾਂਭੇ ਕੀਤਾ ਜਾ ਰਿਹਾ ਹੈ। ਪਿਛਲੇ ਇਕ ਸਾਲ ਵਿੱਚ ਲਗਪਗ 65 ਅਧਿਆਪਕਾਂ ਨੇ ਆਪਣੀ ਨੌਕਰੀ ਤੋਂ ਹੱਥ ਧੋ ਲਏ ਹਨ। ਪ੍ਰੋ ਤਰੁਣ ਘਈ ਨੇ ਆਪਣੇ ਭਾਸ਼ਣ ਚ ਬੋਲਦਿਆਂ ਕਿਹਾ ਕਿ ਇਸ ਲਈ ਪੰਜਾਬ ਸਰਕਾਰ ਨੂੰ ਜਲਦੀ ਤੋਂ ਜਲਦੀ ਸਕਿਉਰਿਟੀ ਆਫ਼ ਸਰਵਿਸ ਐਕਟ ਨੂੰ ਮੁੜ ਤੋਂ ਬਹਾਲ ਕੀਤਾ ਜਾਵੇ ਅਤੇ ਨਾਲ ਹੀ ਉਨ੍ਹਾਂ ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ ਪੰਜਾਬ,




ਪੰਜਾਬੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਮਿਲੀ ਭੁਗਤ ਵੀਹ ਚੱਲ ਰਹੀ ਹੈ ਉਹ ਵੀ ਕਿਸੇ ਕਿਸਮ ਦਾ ਕਾਲਜਾਂ ਉਪਰ ਚੈੱਕ ਲਗਾਉਣ ਤੋਂ ਸਮਰੱਥ ਹੁੰਦੇ ਹੋਏ ਵੀ ਅਵੇਸਲੇ ਹੋਏ ਬੈਠੇ ਹਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਇਸ ਤਰ੍ਹਾਂ ਦੇ ਵਿਚਾਰ ਰੱਖੇ ਅਤੇ ਪੰਜਾਬ ਸਰਕਾਰ ਅਤੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਨੂੰ ਅਪੀਲ ਕਰਕੇ ਕਾਲਜ ਦੀਆਂ ਮੈਨੇਜਮੈਂਟਾਂ ਨੂੰ ਨੱਥ ਪਾਈ ਜਾਵੇ ਪ੍ਰੋ ਚਰਨਦੀਪ ਸਿੰਘ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਉਚੇਰੀ ਸਿੱਖਿਆ ਦਾ ਮਿਆਰ ਪੰਜਾਬ ਵਿੱਚ ਦਿਨ ਬ ਦਿਨ ਲਗਾਤਾਰ ਗਿਰਦਾ ਜਾ ਰਿਹਾ ਹੈ।ਟੀਮ ਨੇ ਮੰਗ ਕੀਤੀ ਕਿ ਲੋਕਲ ਪ੍ਰਸ਼ਾਸਨ ਕਾਲਜ ਮੈਨੇਜਮੈਂਟ ਨੂੰ ਭੰਗ ਕਰ ਕੇ ਇੱਥੇ ਐਡਮਨਿਸਟ੍ਰੇਟਰ ਲਗਾਇਆ ਜਾਵੇ।

# ਲੰਗਾਹ ਵੱਲੋਂ ਮੁਆਫ਼ੀ ਤੇ ਪੰਥ ਵਾਪਸੀ ਲਈ ਤਰਲਾ

**ਅੰਮ੍ਰਿਤਸਰ।** ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਆਪਣੀ ਗ਼ਲਤੀ ਨੂੰ ਮੰਨਦਿਆਂ ਅੱਜ ਮੁੜ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮੁਆਫ਼ੀ ਦੇਣ ਅਤੇ ਪੰਥ ਵਿੱਚ ਵਾਪਸੀ ਦੀ ਅਪੀਲ ਕੀਤੀ ਹੈ। ਉਹ ਅੱਜ ਵੀ ਸ੍ਰੀ ਅਕਾਲ ਤਖਤ ’ਤੇ ਮੱਥਾ ਟੇਕਣ ਆਏ ਸਨ। ਦੱਸਣਯੋਗ ਹੈ ਕਿ ਕੁਝ ਵਰ੍ਹੇ ਪਹਿਲਾ ਉਨ੍ਹਾਂ ਦੀ ਅਸ਼ਲੀਲ ਵੀਡੀਓ ਵਾਇਰਲ ਹੋਈ ਸੀ, ਜਿਸ ਕਾਰਨ ਸ੍ਰੀ ਅਕਾਲ ਤਖ਼ਤ ਵੱਲੋਂ ਉਸ ਨੂੰ ਸਿੱਖ ਪੰਥ ਵਿੱਚੋਂ ਛੇਕ ਦਿੱਤਾ ਗਿਆ ਸੀ। ਉਸ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਖ਼ਾਰਜ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿੱਚ ਅਦਾਲਤੀ ਕੇਸ ਤੋਂ ਮੁਕਤ ਹੋਣ ਮਗਰੋਂ ਹੁਣ ਉਸ ਵੱਲੋਂ ਸ੍ਰੀ ਅਕਾਲ ਤਖ਼ਤ ਤੋਂ ਵੀ ਮੁਆਫ਼ੀ ਦੇਣ ਅਤੇ ਪੰਥ ਵਿੱਚ ਵਾਪਸੀ ਦੀ ਅਪੀਲ ਕੀਤੀ ਜਾ ਰਹੀ ਹੈ। ਇਸੇ ਸਬੰਧੀ ਉਹ ਪਿਛਲੇ 72 ਦਿਨਾਂ ਤੋਂ ਅਕਾਲ ਤਖਤ ਵਿਖੇ ਮੱਥਾ ਟੇਕਣ ਲਈ ਆ ਰਹੇ ਹਨ ਅਤੇ ਇੱਥੇ ਬੈਠ ਕੇ ਪਾਠ ਵੀ ਕਰਦੇ ਹਨ।ਅੱਜ ਇੱਥੇ ਮੀਡੀਆ ਨਾਲ ਗੱਲ ਕਰਦਿਆਂ ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਉਹ ਪਹਿਲਾਂ ਵੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਆਪਣਾ ਮੁਆਫ਼ੀ ਪੱਤਰ ਦੇ ਚੁੱਕੇ ਹਨ। ਉਨ੍ਹਾਂ ਦੇ ਮਾਪਿਆਂ ਵੱਲੋਂ ਵੀ ਇਸ ਸਬੰਧੀ ਅਪੀਲ ਕੀਤੀ ਜਾ ਚੁੱਕੀ ਹੈ। ਲੰਗਾਹ ਨੇ ਕਿਹਾ ਕਿ ਉਸ ਦੇ ਬੱਚੇ ਵਿਆਹੁਣ ਯੋਗ ਹਨ ਤੇ ਉਸ ਦੀ ਆਪਣੀ ਸਿਹਤ ਵੀ ਠੀਕ ਨਹੀਂ ਰਹਿੰਦੀ ਹੈ। ਇਸ ਸਬੰਧੀ ਉਸ ਨੂੰ ਸ੍ਰੀ ਅਕਾਲ ਤਖ਼ਤ ਤੋਂ ਜੋ ਵੀ ਸਜ਼ਾ ਦਿੱਤੀ ਜਾਵੇਗੀ, ਉਹ ਖਿੜੇ ਮੱਥੇ ਸਵੀਕਾਰ ਕਰੇਗਾ। ਉਨ੍ਹਾਂ ਕਿਹਾ ਕਿ ਉਹ ਆਪਣੀ ਗ਼ਲਤੀ ਨੂੰ ਸਵੀਕਾਰ ਕਰਦੇ ਹਨ ਤੇ ਇਸੇ ਲਈ ਹੀ ਸ੍ਰੀ ਅਕਾਲ ਤਖ਼ਤ ਤੋਂ ਮੁਆਫ਼ੀ ਮੰਗੀ ਹੈ।



ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਵਿਚਾਰਨ ਮਗਰੋਂ ਹੀ ਕੋਈ ਫ਼ੈਸਲਾ ਕੀਤਾ ਜਾ ਸਕਦਾ ਹੈ।

# ਕਾਂਗਰਸ ਸਰਕਾਰ ਪੰਜਾਬ ਦਾ ਵਿਕਾਸ ਦੀ ਥਾਂ ਵਿਨਾਸ਼ ਨਾ ਕਰੇ: ਸੰਜੀਵ ਮਨਹਾਸ



**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਹਾਜੀਪੁਰ ਬਲਾਕ ਦੇ ਪਿੰਡ ਜੁਗਿਆਲ ਵਿਖੇ ਭਾਜਪਾ ਵਰਕਰਾਂ ਦੀ ਮੀਟਿੰਗ ਹੋਈ। ਜਿਸ ਵਿੱਚ ਜਿਲ੍ਹਾ ਭਾਜਪਾ ਪ੍ਰਧਾਨ ਸੰਜੀਵ ਮਨਹਾਸ ਵਿਸ਼ੇਸ਼ ਰੂਪ ਵਿੱਚ ਹਾਜਰ ਹੋਏ। ਇਸ ਮੌਕੇ ਸੰਜੀਵ ਮਿਨਹਾਸ ਨੇ ਕਾਂਗਰਸ ਸਰਕਾਰ ਦੀ ਆਲੋਚਨਾ ਕਰਦੇ ਹੋਏ ਕਿਹਾ ਕੇ ਪੰਜਾਬ ਦੀ ਸਰਕਾਰ ਵਿਕਾਸ ਦੀ ਥਾਂ ਵਿਨਾਸ਼ ਕਰ ਰਹੀ ਹੈ। ਕਾਂਗਰਸ ਲੀਡਰ ਹਲਕੇ ਦੇ ਲੋਕਾਂ ਨੂੰ ਵਿਕਾਸ ਦੇ ਨਾਂਮ ਤੇ ਗੁਮਰਾਹ ਕਰ ਰਹੇ ਹਨ। ਮਿਨਹਾਸ ਨੇ ਦੱਸਿਆ ਕੇ ਇੱਕ ਸਾਲ ਦੇ ਅੰਦਰ ਜੁਗਿਆਲ ਦੀ ਪੰਚਾਇਤ ਨੂੰ ਕੇਂਦਰ ਸਰਕਾਰ ਵੱਲੋਂ ਵਿੱਤ ਕਮਿਸ਼ਨ ਗ੍ਰਾਂਟ ਦੇ ਤਹਿਤ 11 ਲੱਖ 14 ਹਜਾਰ 938 (1114938) ਰੁਪਏ ਆਨਲਾਈਨ ਪੰਚਾਇਤ ਦੇ ਅਕਾਊਂਟ ਵਿੱਚ ਪਾਏ ਹਨ। ਇਸ ਤੋਂ ਇਲਾਵਾ ਇੱਕ ਹੋਰ ਕਿਸ਼ਤ ਵੀ ਜਲਦੀ ਕੇਂਦਰ ਵੱਲੋਂ ਦਿੱਤੀ ਜਾ ਰਹੀ ਹੈ। ਮਿਨਹਾਸ ਨੇ ਕਿਹਾ ਪਿੰਡਾਂ ਦੇ ਵਿਕਾਸ ਲਈ ਮੋਦੀ ਸਰਕਾਰ ਵੱਲੋਂ ਆਪਣੀਆਂ ਪੰਚਾਇਤਾਂ ਨੂੰ ਆਤਮਨਿਰਭਰ ਬਣਾਉਣ ਲਈ ਆਨਲਾਈਨ ਗਰਾਂਟਾਂ ਸਿੱਧੇ ਪੰਚਾਇਤਾਂ ਦੇ ਅਕਾਊਂਟ ਵਿੱਚ ਪਾਈਆਂ ਜਾ ਰਹੀਆਂ ਹਨ। ਪਰ ਦੁੱਖ ਦੀ ਗੱਲ ਹੈ ਕਿ ਕਾਂਗਰਸ ਲੀਡਰ ਕੇਂਦਰ ਸਰਕਾਰ ਦੀਆਂ ਗਰਾਂਟਾਂ ਤੇ ਲੋਕਾਂ ਨੂੰ ਗੁਮ-ਰਾਹ ਕਰ ਰਹੇ ਹਨ। ਮਨਹਾਸ ਨੇ ਕਿਹਾ ਕਿ ਕਾਂਗਰਸੀ ਦੱਸਣ ਕਿ ਉਨ੍ਹਾਂ ਨੇ ਆਪਣੀ ਸਰਕਾਰ ਦੇ ਸਾਡੇ ਚਾਰ ਸਾਲਾਂ ਦੌਰਾਨ ਕਿੰਨੇ ਪੈਸੇ ਆਰ ਡੀ ਐਫ ਗ੍ਰਾਂਟ ਤਹਿਤ ਹਲਕੇ ਦੀਆਂ ਪੰਚਾਇਤਾਂ ਨੂੰ ਦਿਤੇ ਸਨ। ਉਨ੍ਹਾਂ ਕਿਹਾ ਕਿ ਜਨਤਾ ਸਮਜਦਾਰ ਹੈ ਹੁਣ ਕਾਂਗਰਸ ਦੇ ਝੂਠ ਵਿੱਚ ਨਹੀ ਆਉਣ ਵਾਲੀ। ਇਸ ਮੌਕੇ ਕੈਪਟਨ ਕਰਨ ਸਿੰਘ, ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਅਤੇ ਸ਼ਾਮ ਸਿੰਘ, ਸ੍ਰੀ ਕਰਨੈਲ ਸਿੰਘ, ਸੋਸ਼ਲ ਮੀਡੀਆ ਇੰਚਾਰਜ ਲਲਿਤ ਕੁਮਾਰ, ਸੂਬੇਦਾਰ ਰਜੇਸ਼, ਰੋਹਿਤ ਠਾਕੁਰ ਡਿਪਟੀ, ਕੈਪਟਨ ਮੁਖਤਿਆਰ ਸਿੰਘ, ਰੋਸ਼ਨ ਲਾਲ ਆਦਿ ਪਿੰਡ ਵਾਸੀ ਹਾਜਰ ਸਨ।

# ਬੀਜੇਪੀ ਲੀਡਰ ਸੋਮ ਪ੍ਰਕਾਸ਼ ਦੇ ਮੁਕੇਰੀਆਂ ਆਉਣ ਤੇ ਵਿਰੋਧ ਵਿੱਚ ਆਈਆਂ ਕਿਸਾਨ ਜਥੇਬੰਦੀਆਂ



**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਕਾਲੇ ਕਾਨੂੰਨਾਂ ਨੂੰ ਲੈਕੇ ਕਿਸਾਨਾਂ ਵੱਲੋਂ ਲਗਾਤਾਰ ਬੀਜੇਪੀ ਸਰਕਾਰ ਦਾ ਵਿਰੋਧ ਕੀਤਾ ਜਾ ਰਿਹਾ ਹੈ ਤਕਰੀਬਨ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ ਪਰ ਕੇਂਦਰ ਸਰਕਾਰ ਅਜੇ ਵੀ ਆਪਣੇ ਅੜੀਅਲ ਰਵੱਈਏ ਤੇ ਅੜੀ ਹੋਈ ਹੈ। ਇਸੇ ਦੇ ਚਲਦਿਆਂ ਕਿਸਾਨਾਂ ਵੱਲੋਂ ਲਗਾਤਾਰ ਬੀਜੇਪੀ ਲੀਡਰਾਂ ਦਾ ਥਾਂ ਥਾਂ ਤੇ ਵਿਰੋਧ ਕੀਤਾ ਜਾ ਰਿਹਾ ਹੈ। ਪਤਾ ਲੱਗਾ ਕਿ ਮੁਕੇਰੀਆਂ ਦੇ ਵਿੱਚ ਬੀਜੇਪੀ ਲੀਡਰ ਸੋਮ ਪ੍ਰਕਾਸ਼ ਆ ਰਹੇ ਹਨ ਤਾਂ ਕਿਸਾਨ ਜਥੇਬੰਦੀਆਂ ਵੱਲੋਂ ਭਾਰੀ ਗਿਣਤੀ ਵਿੱਚ ਇਕੱਤਰ ਹੋ ਕੇ ਸੋਮ ਪ੍ਰਕਾਸ਼ ਦਾ ਵਿਰੋਧ ਕਰਨ ਲਈ ਕਾਲੇ ਝੰਡੇ ਲੈਕੇ ਸੜਕ ਉਪਰ ਪ੍ਰਦਰਸ਼ਨ ਕੀਤਾ ਗਿਆ। ਸ਼ਾਇਦ ਇਸ ਗੱਲ ਦੀ ਜਾਣਕਾਰੀ ਬੀਜੇਪੀ ਲੀਡਰ ਸੋਮ ਪ੍ਰਕਾਸ਼ ਨੂੰ ਲੱਗ ਗਈ ਜਿਸਦੇ ਚਲਦਿਆਂ ਉਨ੍ਹਾਂ ਵੱਲੋਂ ਮੁਕੇਰੀਆਂ ਦਾ ਦੌਰਾ ਰੱਦ ਕਰਨ ਪਿਆ। ਕਿਸਾਨਾਂ ਵੱਲੋਂ ਸਵੇਰੇ ਅੱਠ ਵਜੇ ਤੋਂ ਮੁਕੇਰੀਆਂ ਦੇ ਰੈਸਟ ਹਾਊਸ ਵਿੱਚ ਇਕੱਠ ਕਰਨ ਸ਼ੁਰੂ ਕਰ ਦਿੱਤਾ ਗਿਆ ਸੀ। ਤਕਰੀਬਨ 3 ਵਜੇ ਤੱਕ ਉਡੀਕਣ ਤੇ ਜਦੋਂ ਬੀਜੇਪੀ ਆਗੂ ਨਹੀਂ ਆਏ ਤਾਂ ਕਿਸਾਨ ਨੂੰ ਆਪਣੇ ਘਰਾਂ ਨੂੰ ਵਾਪਸ ਪਰਤਣ ਪਿਆ। ਕਿਸਾਨ ਜਥੇਬੰਦੀ ਬੀਕੇਯੂ ਕਾਦੀਆਂ ਦੇ ਮੁਕੇਰੀਆਂ ਦੇ ਪ੍ਰਧਾਨ ਸਰਦਾਰ ਜਸਵੰਤ ਸਿੰਘ ਰੰਧਾਵਾ ਨੇ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਕਿਸਾਨ ਵਿਰੋਧੀ ਬਿੱਲ ਵਾਪਸ ਨਹੀਂ ਲੈਂਦੀ ਉਦੋਂ ਤੱਕ ਉਹ ਬੀਜੇਪੀ ਲੀਡਰਾਂ ਦਾ ਵਿਰੋਧ ਕਰਦੇ ਰਹਿਣਗੇ। ਉਨ੍ਹਾਂ ਕਿਹਾ ਹੁਣ ਵਿਧਾਨ ਸਭਾ ਚੋਣਾਂ ਦੇ ਆਉਣ ਕਰਕੇ ਬੀਜੇਪੀ ਲੀਡਰਾਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦਿੱਤਾ ਜਾਵੇਗਾ। ਹਰ ਪਿੰਡ ਵਿੱਚ ਬੀਜੇਪੀ ਦਾ ਜੰਮ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਮੁਕੇਰੀਆਂ ਪ੍ਰਧਾਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਰਦਾਰ ਜਸਵੰਤ ਸਿੰਘ ਰੰਧਾਵਾ ਜਨਰਲ ਸਕੱਤਰ ਇੰਦਰਜੀਤ ਸਿੰਘ ਖਾਲਸਾ, ਅਮਰਜੀਤ ਸਿੰਘ ਢਾਡੇਕਟਵਾਲ, ਸ਼ਾਮ ਸਿੰਘ ਸ਼ਾਮਾਂ ਸਤਨਾਮ ਸਿੰਘ ਚੀਮਾ ਸੁਖਵਿੰਦਰ ਸਿੰਘ ਰਾਣਾ ਗੁਰੂ ਸੱਜਣ ਸਿੰਘ ਚੱਕ ਗੁਰਜੀਵਨ ਸਿੰਘ ਕੌਲਪੁਰ ਸਰਪੰਚ ਦਿਲਬਾਗ ਸਿੰਘ ਮਹਿਮੂਦਪੁਰ ਜੀ ਐਸ ਕਾਹਲੋਂ ਸਰਪੰਚ ਬਾਬਾ ਗੁਰਵਿੰਦਰ ਸਿੰਘ ਸੋਨੀ ਪ੍ਰੇਮ ਸਿੰਘ ਰੰਧਾਵਾ ਸਤਬੀਰ ਸਿੰਘ ਰੰਧਾਵਾ ਕੁਲਦੀਪ ਸਿੰਘ ਅਮਰਜੀਤ ਬੇਲਾ ਸਰਿਆਣਾ ਬਾਬਾ ਬੇਲਾ ਸਰਿਆਣਾ ਅਤੇ ਭਾਰੀ ਗਿਣਤੀ ਵਿੱਚ ਕਿਸਾਨ ਹਾਜ਼ਰਿ ਸਨ।

# ਮਜੀਠੀਆ ਨੂੰ ਪੰਜਾਬ ਸਰਕਾਰ ਵੱਲੋਂ ਬਾਦਲਾਂ ਨੂੰ ਜੇਲ੍ਹ ਭੇਜਣ ਦਾ ਡਰ ਪਿਆ

**ਚੰਡੀਗੜ੍ਹ।** ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਆਉਂਦੇ ਇਕ-ਦੋ ਮਹੀਨਿਆਂ ਵਿਚ ਪੰਜਾਬ ਸਰਕਾਰ ਬਾਦਲ ਪਰਿਵਾਰ ਨੂੰ ਜੇਲ੍ਹ ਭੇਜ ਦੇਵੇਗੀ।ਉਨ੍ਹਾਂ ਕਿਹਾ ਕਿ ਪਿਛਲੇਅਪ੍ਰੈਲ ਵਿਚ ਉਨ੍ਹਾਂ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਖੁਲਾਸਾ ਕੀਤਾ ਸੀ, ਜੋ ਸੱਚ ਨਿਕਲਿਆ ਹੈ।ਬਿਕਰਮ ਸਿੰਘ ਮਜੀਠੀਆ ਨੇ ਅੱਜ ਏਥੇ ਕਿਹਾ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤੇ 18 ਨੁਕਤਿਆਂ ਰਾਹੀਂ ਹੁਕਮ ਦਿੱਤਾ ਕਿ ਜੇ ਉਨ੍ਹਾਂ ਨੇ ਮੁੱਖ ਮੰਤਰੀ ਦੀ ਕੁਰਸੀ ਬਚਾਉਣੀ ਹੈ ਤਾਂ ਉਹ ਬਾਦਲ ਪਰਿਵਾਰ ਨੂੰ ਜੇਲ੍ਹ ਭੇਜਣ ਦਾ ਹੁਕਮ ਦੇਣ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਜੇਲ੍ਹ ਭੇਜਿਆ ਸੀ ਅਤੇ ਅੱਜਉਸ ਦੀ ਪਾਰਟੀ ਦੀ ਸੋਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬਦਨਾਮੀ ਕਰਨ ਦੀ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਆਪਣੀ ਸਾਖ਼ ਬਚਾਉਣ ਲਈ ਬਾਦਲਾਂ ਨੂੰ ਜੇਲ੍ਹ ਭੇਜ ਸਕਦੀ ਹੈ, ਪਰ ਇਹਯਾਦ ਰੱਖਣ ਕਿ ਜਦੋਂ ਵੀ ਕਾਂਗਰਸ ਸਰਕਾਰ ਨੇ ਬਾਦਲਾਂ ਨੂੰ ਜੇਲ੍ਹ ਭੇਜਿਆ ਹੈ, ਉਹ ਜੇਲ੍ਹ ਵਿਚੋਂ ਮੁੱਖ ਮੰਤਰੀ ਬਣ ਕੇ ਆਏ ਹਨ।ਮਜੀਠੀਆ ਨੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਟੀਮ(ਐੱਸ ਆਈ ਟੀ) ਤੋਂਮੰਗ ਕੀਤੀ ਕਿ ਉਹ ਬੇਅਦਬੀ ਕਾਂਡ ਦੀ ਸਾਜ਼ਿਸ਼ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਭੂਮਿਕਾ ਦੀ ਜਾਂਚ ਕਰਦੇ ਹੋਏ ਇਸ ਸਾਜ਼ਿਸ਼ ਦਾ ਲਾਭ ਲੈਣ ਵਾਲਿਆਂ ਦਾ ਨਾਰਕੋ ਟੈਸਟ ਕਰਾਉਣ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈ ਕਮਾਂਡ ਨੇ ਐੱਸ ਆਈ ਟੀਵੱਲੋਂ ਚੱਲਦੀ ਜਾਂਚ ਪੂਰੀ ਕਰਨ ਦੀ ਸਮਾਂ ਹੱਦ ਮਿਥ ਦਿੱਤੀ ਹੈ ਤਾਂਐੱਸ ਆਈ ਟੀ ਹਾਈ ਕੋਰਟ ਦੇ ਹੁਕਮ ਮੰਨੇਗੀ ਜਾਂ ਕਾਂਗਰਸ ਹਾਈ ਕਮਾਨ ਦੇ?ਉਨ੍ਹਾ ਕਿਹਾ ਕਿਐੱਸ ਆਈ ਟੀਕਾਨੂੰਨੀ ਤੌਰ ਉੱਤੇ ਮੁੱਖ ਮੰਤਰੀ ਨੂੰ ਵੀ ਜਵਾ-ਬਦੇਹ ਨਹੀਂ, ਇਸ ਦੇ ਬਾਵਜੂਦ ਕਾਂਗਰਸ ਨੇ ਮੁੱਖ ਮੰਤਰੀ ਨੂੰ ਇਕ ਮਹੀਨੇ ਵਿੱਚ ਜਾਂਚ ਮੁਕੰਮਲ ਕਰਾਉਣ ਨੂੰ ਕਿਹਾ ਹੈ।ਮਜੀਠੀਆ ਨੇ ਕਿਹਾ ਕਿ ਕਾਂਗਰਸ ਹਾਈ ਕਮਾਨ, ਪੰਜਾਬ ਕਾਂਗਰਸ ਤੇ ਪੰਜਾਬ ਸਰਕਾਰ ਇਹ ਮੰਨ ਕੇ ਚੱਲ ਰਹੇ ਹਨ ਕਿ ਵੱਡੇ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੀ ਗ੍ਰਿਫਤਾਰੀ ਹੀ ਉਨਾਂ ਦੀ ਭਰੋਸੇਯੋਗਤਾ ਬਹਾਲ ਕਰ ਸਕਦੀ ਹੈ।



# ਅਕਾਲ ਤਖ਼ਤ ਵਿਖੇ ਗੁਰੂ ਹਰਿਗੋਬਿੰਦ ਦਾ ਪ੍ਰਕਾਸ਼ ਪੁਰਬ ਮਨਾਇਆ

**ਅੰਮ੍ਰਿਤਸਰ।** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਅੱਜ ਸਿੱਖ ਧਰਮ ਦੇ ਛੇਵੇਂ ਗੁਰੂ ਅਤੇ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਅਖੰਡ ਪਾਠ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਹਰਿਗੋਬਿੰਦ ਦਾ ਜੀਵਨ ਲਾਸਾਨੀ ਹੈ। ਛੇਵੇਂ ਗੁਰੂ ਨੇ ਸਮੇਂ ਦੀ ਹਕੂਮਤ ਖ਼ਿਲਾਫ਼ ਚਾਰ ਯੁੱਧ ਲੜੇ ਅਤੇ ਜਿੱਤ ਪ੍ਰਾਪਤ ਕੀਤੀ। ਉਸ ਸਮੇਂ ਲੋਕਾਂ ਦੇ ਮਨਾਂ ਵਿੱਚ ਧਾਰਨਾ ਬਣੀ ਹੋਈ ਸੀ ਕਿ ਜ਼ਾਲਮ ਮੁਗਲ ਹਕੂਮਤ ਨੂੰ ਕੋਈ ਹਰਾ ਨਹੀਂ ਸਕਦਾ ਪਰ ਗੁਰੂ ਹਰਗੋਬਿੰਦ ਨੇ ਇਸ ਧਾਰਨਾ ਨੂੰ ਤੋੜਦਿਆਂ ਜ਼ੁਲਮ ਖ਼ਿਲਾਫ਼ ਲੜਨ ਦਾ ਸੰਦੇਸ਼ ਦਿੱਤਾ। ਜਥੇਦਾਰ ਨੇ ਸੰਗਤ ਨੂੰ ਗੁਰੂ ਹਰਗੋਬਿੰਦ ਦੇ ਉਪਦੇਸ਼ਾਂ ’ਤੇ ਚੱਲਣ ਲਈ ਪ੍ਰੇਰਿਆ। ਅੱਜ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਫੁੱਲਾਂ ਨਾਲ ਸੁੰਦਰ ਸਜਾਵਟ ਵੀ ਕੀਤੀ ਗਈ ਸੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਅੱਜ ਸ੍ਰੀ ਹਰਿਮੰ-ਦਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਸੰਗਤ ਨੂੰ ਕੌਮ ਦੇ ਇਸ ਮਹਾਨ ਜਰਨੈਲ ਦੇ ਜੀਵਨ ਤੋਂ ਸੇਧ ਪ੍ਰਾਪਤ ਕਰਦਿਆਂ ਕੌਮ ਦੀ ਚੜ੍ਹਦੀ ਕਲਾ ਲਈ ਤਤਪਰ ਰਹਿਣ ਲਈ ਪ੍ਰੇਰਿਤ ਕੀਤਾ।



# ਸੰਨੀ ਬਰਾੜ ਨੇ ਫ੍ਰੀਡਮ ਫਾਈਟਰ ਐਸੋਸੀਏਸ਼ਨ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਦਾ ਦਿੱਤਾ ਭਰੋਸਾ

**ਕੋਟਕਪਰਾ।** ਇੰਡੀਅਨ ਫਰੀਡਮ ਫਾਈਟਰ ਅਤੇ ਮਾਰਟਾਇਰ ਫੈਮਿਲੀਏਜ਼ ਐਸੋਸੀਏਸ਼ਨ ਪੰਜਾਬ ਜੋ ਕਿ ਪਿਛਲੇ ਕਈ ਸਾਲਾਂ ਤੋਂ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀਆਂ ਜਾਇਜ ਮੰਗਾਂ ਲਈ ਸੰਘਰਸ਼ ਕਰ ਰਹੀ ਹੈ, ਦੇ ਇਕ ਵਫਦ ਨੇ ਸੰਦੀਪ ਸਿੰਘ ਸੰਨੀ ਬਰਾੜ ਓਐੱਸਡੀ ਮੁੱਖ ਮੰਤਰੀ ਪੰਜਾਬ ਨਾਲ ਉਹਨਾਂ ਦੇ ਗ੍ਰਹਿ ਵਿਖੇ ਮੀਟਿੰਗ ਕਰਨ ਉਪਰੰਤ ਦੇਸ਼ ਭਗਤ ਪਰਿਵਾਰਾਂ ਦੀਆਂ ਮੰਗਾਂ ਸਬੰਧੀ ਇਕ ਮੰਗ ਪੱਤਰ ਦਿੱਤਾ। ਇਸ ਸਬੰਧੀ ਜਥੇਬੰਦੀ ਦੇ ਸੂਬਾਈ ਪ੍ਰਧਾਨ ਡਾ. ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਸਾਡੀਆਂ ਦੇਸ਼ ਦੀ ਆਜਾਦੀ ਲਈ ਕੁਰਬਾਨੀ ਕਰਨ ਵਾਲੇ ਪ੍ਰਵਾਨਿਆਂ ਦੇ ਪਰਿਵਾਰਾਂ ਦੀਆਂ ਕਈ ਮੰਗਾਂ ਜਿਵੇਂ ਕਿ ਬੱਸ ਪਾਸ ਦੀ ਮੁਫਤ ਸਹੂਲਤ, ਟੋਲ ਟੈਕਸ ਤੋਂ ਛੋਟ ਸਮੇਤ ਕੁਝ ਕੁ ਮੰਗਾਂ ਮੰਨ ਲਈਆਂ ਗਈਆਂ ਹਨ, ਇਸ ਲਈ ਅਸੀਂ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ ਅਤੇ ਬਾਕੀ ਰਹਿੰਦੀਆਂ ਮੰਗਾਂ ਜਿਵੇਂ ਕਿ ਇਲੈਕਟਰੀਸਿਟੀ ਫਰੀ ਪੋਤਰੇ/ਦੋਹਤਰਿਆਂ ਤੱਕ, ਪੜਾਈ ਅਤੇ ਨੌਕਰੀਆਂ 'ਚ ਰਿਜਰਵੇਸ਼ਨ ਵਧਾਉਣ ਸਮੇਤ ਪੈਨਸ਼ਨ ਸਬੰਧੀ ਅਤੇ ਹੋਰ ਕਈ ਮੰਗਾਂ ਪੂਰੀਆਂ ਹੋਣੀਆਂ ਬਾਕੀ ਹਨ, ਦੇ ਲਈ ਮੰਗ ਪੱਤਰ ਦਿੱਤਾ। ਸੰਦੀਪ ਸਿੰਘ ਬਰਾੜ ਓਐੱਸਡੀ ਮੁੱਖ ਮੰਤਰੀ ਪੰਜਾਬ ਨੇ ਐਸੋਸੀਏਸ਼ਨ ਦੀਆਂ ਉਕਤ ਮੰਗਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਐਸੋਸੀਏਸ਼ਨ ਦੇ ਵਫਦ ਨੂੰ ਵਿਸ਼ਵਾਸ਼ ਦਿਵਾਇਆ ਕਿ ਜਲਦ ਹੀ ਤੁਹਾਡੀ ਮੀਟਿੰਗ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨਾਲ ਕਰਵਾ ਦਿੱਤੀ ਜਾਵੇਗੀ। ਇਸ ਮੌਕੇ ਉਨਾ ਸਾਰੀ ਐਸੋਸੀਏਸ਼ਨ ਵਲੋਂ ਸੰਨੀ ਬਰਾੜ ਦਾ ਧੰਨਵਾਦ ਕੀਤਾ, ਕਿਉਂਕਿ ਉਨਾਂ ਨੇ ਆਪਣੇ ਕੀਮਤੀ ਸਮੇਂ 'ਚੋਂ ਸਮਾ ਕੱਢ ਕੇ ਐਸੋਸੀਏਸ਼ਨ ਦੀਆਂ ਜਾਇਜ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ। ਇਸ ਮੌਕੇ



**ਰ ਡਾ. ਸਤਿੰਦਰਪਾਲ ਸਿੰਘ ਪੰਜਾਬ ਪ੍ਰਧਾਨ, ਸਚਿਨ ਸੇਠੀ ਸੈਕਟਰੀ ਸੰਨੀ ਬਰਾੜ ਓਐੱਸਡੀ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੰਦੇ ਹੋਏ।**

ਉਪਰੋਕਤ ਤੋਂ ਇਲਾਵਾ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਸੁਰਿੰਦਰ ਸਿੰਘ, ਸਚਿਨ ਸੇਠੀ ਸੈਕਟਰੀ ਅਤੇ ਹੋਰ ਕਈ ਅਹੁਦੇਦਾਰ ਵੀ ਹਾਜਰ ਸਨ।

# ਕਿਸਾਨ ਯੂਨੀਅਨ ਪੰਜਾਬ ਰਾਜ ਭਵਨ ਵਿਖੇ ਧਰਨਾ ਦੇਣ ਲਈ ਰਵਾਨਾ



**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਭਾਰਤੀ ਕਿਸਾਨ ਯੂਨੀਅਨ ਪੰਜਾਬ (ਰਜਿ.) ਕਾਦੀਆਂ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਲਿੱਟਾਂ ਦੀ ਅਗਵਾਈ ਹੇਠ ਰਾਜਪਾਲ ਪੰਜਾਬ ਦੇ ਰਾਜ ਭਵਨ ਮੂਹਰੇ ਧਰਨਾ ਦੇਣ ਲਈ ਦਾਨਾ ਮੰਡੀ ਕਰਤਾਰਪੁਰ ਤੋਂ ਰਵਾਨਾ ਹੋਏ। ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤੇ, ਦਿੱਲੀ ਬਰੂਹਾਂ ਉਪਰ ਚਲ ਰਹੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸੰਘਰਸ਼ ਦੇ ਸੱਤ ਮਹੀਨੇ ਪੂਰੇ ਹੋਣ ਤੇ,ਰਾਜ ਭਵਨ ਚੰਡੀਗੜ੍ਹ ਵਿਖੇ ਅੱਜ ਮੁਜ਼ਾਹਰਾ ਕੀਤਾ ਜਾਣਾ ਹੈ। ਜ਼ਿਲ੍ਹਾ ਕਪੂਰਥਲਾ ਅਤੇ ਬਲਾਕ ਕਰਤਾਰਪੁਰ (ਜਲੰਧਰ) ਦੇ ਸਮੂਹ ਕਿਸਾਨ ਵੀਰ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਦਾਣਾ ਮੰਡੀ ਕਰਤਾਰਪੁਰ ਤੋਂ ਆਪਣੀਆਂ ਗੱਡੀਆਂ ਕਾਰਾਂ, ਉਪਰ ਸਵਾਰ ਹੋ ਕੇ ਕੇਂਦਰ ਦੀ ਮੋਦੀ ਸਰਕਾਰ ਵਿਰੋਧੀ ਨਾਅਰੇ ਲਗਾਉਂਦੇ ਹੋਏ ਰਵਾਨਾ ਹੋਏ। ਇੱਥੋਂ ਗੁਰਦੁਆਰਾ ਅੰਬ ਸਾਹਿਬ ਮੁਹਾਲੀ,ਉਥੋਂ ਪੈਦਲ ਮਾਰਚ ਰਾਜ ਭਵਨ ਨੂੰ ਹੋਵੇਗਾ। ਦਿੱਲੀ ਬਰੂਹਾਂ ਉਪਰ ਚਲ ਰਿਹਾ ਕਿਸਾਨੀ ਅੰਦੋਲਨ, ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਤੱਕ ਜਾਰੀ ਰਹੇਗਾ। ਮੋਦੀ ਸਰਕਾਰ ਨੂੰ ਭਰਮ ਹੈ ਕਿ ਅੰਦੋਲਨ ਲੰਬਾ ਖਿੱਚ ਕੇ ਉਹ ਕਿਸਾਨਾਂ ਨੂੰ ਥਕਾ ਦੇਣਗੇ।ਦੇਸ਼ ਦਾ ਕਿਸਾਨ ਨਾ ਹੀ ਅਕੇਗਾ ਨਾ ਹੀ ਥੱਕੇਗਾ। ਇਸ ਮੌਕੇ ਤੇ ਸਰਬਜੀਤ ਸਿੰਘ ਧੀਰਪੁਰ ਸਕੱਤਰ ਜਨਰਲ, ਚਰਨਜੀਤ ਸਿੰਘ ਕਾਲਾ ਖੇੜਾ, ਸੀ.ਮੀਤ ਪ੍ਰਧਾਨ, ਪੂਰਨ ਸਿੰਘ ਖੱਸਣ ਬਲਾਕ ਪ੍ਰਧਾਨ ਭੁਲੱਥ, ਬਹਾਦਰ ਸਿੰਘ ਮੱਲੀਆਂ ਬਲਾਕ ਪ੍ਰਧਾਨ ਕਰਤਾਰਪੁਰ, ਸਤਪਾਲ ਸਿੰਘ ਤਾਜਪੁਰ ਬਲਾਕ ਪ੍ਰਧਾਨ ਢਿਲਵਾਂ, ਜਸਵਿੰਦਰ ਸਿੰਘ ਮਾਨਾ ਤਲਵੰਡੀ ਬਲਾਕ ਪ੍ਰਧਾਨ ਨਡਾਲਾ, ਜੋਗਾ ਸਿੰਘ ਇਬਰਾਹੀਮਵਾਲ ਬਲਾਕ ਪ੍ਰਧਾਨ ਨਡਾਲਾ, ਜਸਪਾਲ ਸਿੰਘ ਕਾਹਲਵਾਂ ਇਕਾਈ ਪ੍ਰਧਾਨ, ਕਸ਼ਮੀਰ ਸਿੰਘ ਬੋਪਾਰਾਏ ਮੀਤ ਪ੍ਰਧਾਨ ਬਲਾਕ ਭੁਲੱਥ, ਜਸਬੀਰ ਸਿੰਘ ਰਮੀਦੀ ਸਕੱਤਰ ਬਲਾਕ ਢਿਲਵਾਂ ,ਗੁਰਵਿੰਦਰ ਸਿੰਘ ਮਿੰਟੂ ਲਿੱਟਾਂ,ਬਲਵੀਰ ਸਿੰਘ ਕਾਲਾ ਖੇੜਾ, ਅਮਰਜੀਤ ਸਿੰਘ ਟਿੱਬਾ,ਨਸੀਬ ਸਿੰਘ ਸਰਪੰਚ ਖੱਸਣ ਆਦਿ ਹਾਜ਼ਰ ਸਨ ।

# ਹਰ ਘਰ ਨੂੰ 200 ਯੂਨਿਟ ਤੱਕ ਬਿਜਲੀ ਮੁਫਤ ਦੇਣ ਦੀ ਸਰਕਾਰ ਦੀ ਤਿਆਰੀ

**ਚੰਡੀਗੜ (ਦੀਪਕ ਸਰਮਾ)** ਪੰਜਾਬ ਵਿੱਚ ਕਾਂਗਰਸ ਅਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਹਰ ਘਰ ਨੂੰ 200 ਯੂਨਿਟ ਤੱਕ ਮੁਫਤ ਬਿਜਲੀ ਦੇਣ ਦੀ ਤਿਆਰੀ ਕਰ ਰਹੀ ਹੈ । ਪਰ, ਇਹ ਕਦਮ ਚੁੱਕਣਾ ਆਸਾਨ ਨਹੀਂ ਹੈ । ਇਸ ਦੇ ਲਈ 2000 ਕਰੋੜ ਰੁਪਏ ਦੀ ਸਬਸਿਡੀ ਦੇਣੀ ਪਵੇਗੀ ਅਤੇ ਪੰਜਾਬ ਸਰਕਾਰ ਦੀ ਆਰਥਿਕ ਸਥਿਤੀ ਕਾਰਨ ਅਜਿਹਾ ਕਰਨਾ ਸੌਖਾ ਨਹੀਂ ਹੈ । ਪੰਜਾਬ ਦੇ ਮੁੱਖ ਮੰਤਰੀ ਨੇ ਇਸ ਸੰਬੰਧੀ ਡਾਟਾ ਮੰਗਿਆ ਹੈ ।ਪੰਜਾਬ ਵਿਚ ਮਹਿੰਗੀ ਬਿਜਲੀ ਨਾਲ ਜੂਝ ਰਹੇ ਲੋਕਾਂ ਨੂੰ ਰਾਹਤ ਦੇਣ ਲਈ, ਕਾਂਗਰਸ ਹਾਈ ਕਮਾਂਡ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਹੈ ਕਿ ਉਹ ਹਰ ਘਰ ਨੂੰ 200 ਯੂਨਿਟ ਬਿਜਲੀ ਮੁਫਤ ਮੁਹੱਈਆ ਕਰਵਾਉਣ । ਇਹ ਅਨੁਮਾਨਤ ਅੰਕੜੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਵਿੱਚ ਬਿਜਲੀ ਦੀ ਸਥਿਤੀ ਬਾਰੇ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਦਿੱਤੇ ਹਨ । ਕੈਪਟਨ ਅਮਰਿੰਦਰ ਸਿੰਘ ਨੇ ਅਧਿਕਾਰੀਆਂ ਤੋਂ ਪੂਰੇ ਰਾਜ ਦੇ ਹਰ ਘਰ ਨੂੰ 200 ਯੂਨਿਟ ਮੁਫਤ ਬਿਜਲੀ ਮੁਹੱਈਆ ਕਰਵਾਉਣ ਲਈ ਅੰਕੜੇ ਮੰਗੇ ਹਨ । ਚਾਰ ਦਿਨ ਪਹਿਲਾਂ ਹੀ ਕਾਂਗਰਸ ਹਾਈ ਕਮਾਂਡ ਨੇ ਮੁੱਖ ਮੰਤਰੀ ਨੂੰ ਇੱਕ 18 ਸੂਤਰੀ ਪ੍ਰੋਗਰਾਮ ਭੇਜਿਆ ਸੀ, ਜਿਸ ਨੂੰ ਉਸਨੇ ਛੇ ਮਹੀਨਿਆਂ ਵਿੱਚ ਪੂਰਾ ਕਰਨਾ ਹੈ। ਇਸ ਵਿੱਚ ਸਭ ਤੋਂ ਵੱਡਾ ਪੇਚ ਹਰ ਘਰ ਨੂੰ 200 ਯੂਨਿਟ ਮੁਫਤ ਬਿਜਲੀ ਦੇਣਾ ਵੀ ਹੈ।ਜਿਵੇਂ ਹੀ ਮੁੱਖ ਮੰਤਰੀ ਦਿੱਲੀ ਤੋਂ ਵਾਪਸ ਪਰਤੇ, ਮੁੱਖ ਮੰਤਰੀ ਨੇ ਮਜਦੂਰਾਂ ਦਾ 560 ਕਰੋੜ ਦਾ ਕਰਜਾ ਮੁਆਫ ਕਰਨ ਦੇ ਆਦੇਸ ਜਾਰੀ ਕੀਤੇ, ਜਿਸ ਤੋਂ ਬਾਅਦ ਮੁਫਤ ਬਿਜਲੀ ਦੇਣ ਬਾਰੇ ਮੰਥਨ ਸੂਰੂ ਹੋ ਗਿਆ ਹੈ । ਦਿਲਚਸਪ ਗੱਲ ਇਹ ਹੈ ਕਿ ਇਸਦੀ ਸੁਰੂਆਤ ਪੰਜਾਬ ਵਿਚ ਮੁਫਤ ਬਿਜਲੀ ਦੇਣ ਨਾਲ ਹੋਈ ਪਰ ਬਾਅਦ ਵਿਚ ਇਸ ਨੂੰ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਅਤੇ ਉਦਯੋਗਾਂ ਤਕ ਵਧਾ ਦਿੱਤਾ ਗਿਆ । ਹੁਣ ਹਰ ਘਰ ਨੂੰ ਇਸ ਵਿਚ ਸਾਮਲ ਕੀਤਾ ਜਾ ਰਿਹਾ ਹੈ । ਇਨਾਂ ਸਾਰਿਆਂ ਨੂੰ ਮੁਫਤ ਬਿਜਲੀ ਕਾਰਨ ਹਰ ਸਾਲ 10 ਹਜਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਖਰਚ ਕੀਤੀ ਜਾ ਰਹੀ ਹੈ ।

# ਬਸਪਾ ਅਤੇ ਕਾਂਗਰਸ ਨੂੰ ਛੱਡ ਕਈ ਪਰਿਵਾਰਾ ਨੇ ਫੜਿਆਂ ਆਮ ਆਦਮੀ ਦਾ ਪੱਲਾ

**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਸਥਾਨਕ ਪਿੰਡ ਬੁਲੰਦਪੁਰ ਵਿਖੇ ਦਿੱਲੀ ਦੇ ਵਿਧਾਇਕ ਸ੍ਰੀ ਅਜੇ ਦੱਤ ਅੰਬੇਦਕਰ ਅਤੇ ਸ: ਬਲਕਾਰ ਸਿੰਘ ਸਾਬਕਾ ਡੀ.ਸੀ.ਪੀ ਵੱਲੋਂ ਪਿੰਡ ਵਾਸੀਆ ਨਾਲ ਮੀਟਿੰਗ ਕੀਤੀ ਗਈ। ਜਿੱਥੇ ਵਿਧਾਇਕ ਅਜੇ ਦੱਤ ਅੰਬੇਦਕਰ ਜੀ ਨੇ ਦੱਸਿਆ ਕੀ ਉਹ ਬਾਬਾ ਸਾਹਿਬ ਜੀ ਦੇ ਬਣਾਇਆ ਸੰਵਿਧਾਨ ਤੋਂ ਬਹੁਤ ਪ੍ਰੇਰਿਤ ਹਨ ਤੇ ਹਮੇਸਾ ਬਾਬਾ ਸਾਹਿਬ ਜੀ ਦੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਹੀ ਕਾਰਜ ਕਰ ਰਹੇ ਹਨ। ਸ: ਬਲਕਾਰ ਸਿੰਘ ਜੀ ਨੇ ਲੋਕਾਂ ਨੂੰ ਕਿਹਾ ਕੀ 74 ਸਾਲਾ ਤੋਂ 2 ਹੀ ਪਾਰਟੀ ਪੰਜਾਬ ਤੇ ਰਾਜ ਕਰ ਰਹੀਆ ਹਨ, ਜਿੰਨਾ ਦੀਆ ਮੜੀਆ ਨੀਤਿਆ ਤੋਂ ਲੋਕ ਤੰਗ ਆ ਚੁੱਕੇ ਹਨ ਤੇ ਹੁਣ ਲੋਕ ਇੱਕ ਚੰਗੀ ਸਰਕਾਰ ਬਣਾਉਣ ਦੇ ਮਨ ਬਣਾ ਚੁੱਕੇ ਹਨ । ਇਸ ਮੌਕੇ ਕਈ ਪਰਿਵਾਰ ਬਸਪਾ ਅਤੇ ਕਾਂਗਰਸ ਪਾਰਟੀ ਛੱਡ ਕੇ 'ਆਮ ਆਦਮੀ ਪਾਰਟੀ ' ਵਿੱਚ ਸਾਮਲ ਹੋ ਗਏ । ਪਿੰਡ ਵਾਸੀਆ ਨੇ ਆਮ ਆਦਮੀ ਪਾਰਟੀ ਦੇ ਸੰਭਾਵੀ ਉਮੀਦਵਾਰ ਸ: ਬਲਕਾਰ ਸਿੰਘ ਨੂੰ ਭਰੋਸਾ ਦਿਵਾਇਆ ਕੀ ਆਉਣ ਵਾਲੀਆ ਚੋਣਾ ਵਿੱਚ ਸ: ਬਲਕਾਰ ਸਿੰਘ ਨੂੰ ਵੱਡੀ ਗਿਣਤੀ ਵਿੱਚ ਜਿੱਤਾ ਕੇ ਵਿਧਾਨ ਸਭਾ ਭੇਜਣਗੇ। ਇਸ ਮੌਕੇ ਸਾਈ ਮੱਧੂ, ਸਾਈਂ ਰਾਮਪਾਲ, ਜੁਗਿੰਦਰ ਪਾਲ ਸ਼ਰਮਾ ਨਾਰਥ ਹਲਕਾ, ਸਤਪਾਲ ਭੱਟੀ, ਸੋਨੀ ਲਾਲ ਕਲੇਰ, ਸਤਨਾਮ ਸਿੰਘ, ਵਿਜੈ



ਕੁਮਾਰ, ਸੁਰਿੰਦਰ, ਕਰਣ, ਸੁਨੀਲ ਕਲੇਰ, ਵਿਨੈ ਕਲੇਰ, ਦਵਿੰਦਰ ਭੱਟੀ, ਗੁਰਦਾਸ ਰਾਮ, ਤਰਲੋਚਨ ਸਿੰਘ, ਬੀਰ ਚੰਦ ਸੁਰੀਲਾ, ਸੁਰੇਸ ਕਲੇਰ ਯੂਥ ਆਪ ਆਗੂ, ਸੁਰਿੰਦਰ ਮਹੇ ਸਾਬਕਾ ਸਰਪੰਚ, ਰਿਟਾ ਸਬ ਇੰਸਪੈਕਟਰ ਗਿਆਨ ਚੰਦ, ਗੁਰਪ੍ਰੀਤ, ਮਨਦੀਪ ਸ਼ਰਮਾ ਤੇ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ ।

# ਲੋੜੀਂਦੀ ਬਿਜਲੀ ਨਾ ਮਿਲਣ ਕਾਰਨ ਨਾਰਾਜ ਕਿਸਾਨਾਂ ਨੇ ਬਰਵਾਲਾ ਬਿਜਲੀ ਦਫਤਰ ਅੱਗੇ ਕੀਤਾ ਪ੍ਰਦਰਸ਼ਨ

**ਪੰਚਕੂਲਾ (ਦੀਪਕ ਸਰਮਾ)** ਉੱਤਰੀ ਹਰਿਆਣਾ ਡਿਸਟ੍ਰਿਬਯੂਸ਼ਨ ਕਾਰਪੋਰੇਸਨ ਦਫਤਰ, ਬਰਵਾਲਾ ਤੋਂ ਰੱਤੇਵਾਲੀ ਫੀਡਰ ਵਿਖੇ ਲੋੜੀਂਦੀ ਬਿਜਲੀ ਨਾ ਮਿਲਣ ਕਾਰਨ ਨਾਰਾਜ ਕਿਸਾਨਾਂ ਨੇ ਬਰਵਾਲਾ ਬਿਜਲੀ ਦਫਤਰ ਵਿਖੇ ਰੋਸ ਪ੍ਰਦਰਸਨ ਕੀਤਾ ।ਕਿਸਾਨ ਨਰਿੰਦਰ ਨਯਾਗਾਓਂ, ਦਰਸਨ ਸਿੰਘ, ਜਸਵੀਰ ਸਿੰਘ, ਗੁਰਵਿੰਦਰ ਸਿੰਘ, ਪਾਲ ਸਿੰਘ, ਕਪਿਲ ਰਾਣਾ, ਜਿਤੇਂਦਰ ਰਾਣਾ, ਰਿਸੀ ਸਰਮਾ, ਸੁਖਵਿੰਦਰ ਨਾਗਲ ਅਤੇ ਸਤਵਿੰਦਰ ਸਿੰਘ ਆਦਿ ਨੇ ਦੱਸਿਆ ਕਿ ਉਨਾਂ ਨੂੰ ਕਰੀਬ 10 ਦਿਨਾਂ ਤੋਂ ਲੋੜੀਂਦੀ ਬਿਜਲੀ ਨਹੀਂ ਮਿਲ ਰਹੀ । ਇਸ ਕਾਰਨ ਖੇਤਾਂ ਵਿਚ ਖੜੀਆਂ ਫਸਲਾਂ ਸੁੱਕ ਗਈਆਂ ਹਨ । ਉਹ 8 ਘੰਟੇ ਦੀ ਬਿਜਲੀ ਸਪਲਾਈ ਵਿਚੋਂ ਸਿਰਫ ਦੋ-ਤਿੰਨ ਘੰਟੇ ਪ੍ਰਾਪਤ ਕਰ ਰਹੇ ਹਨ ਜੋ ਉਨਾਂ ਨੂੰ ਤਹਿ ਕੀਤੇ ਸਮੇਂ ਅਨੁਸਾਰ ਮਿਲਣੀ ਚਾਹੀਦੀ ਸੀ । ਉਹਨਾਂ ਦੱਸਿਆ ਕਿ ਉਹ ਇਸ ਸਮੱਸਿਆ ਬਾਰੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਕਈ ਵਾਰ ਸੂਚਿਤ ਕਰ ਚੁੱਕੇ ਹਨ, ਪਰ ਵਿਭਾਗ ਵੱਲੋਂ ਉਨਾਂ ਦੀ ਸਮੱਸਿਆ ਦਾ ਹੱਲ ਨਹੀਂ ਕੀਤਾ ਜਾ ਰਿਹਾ ।

ਇਸ ਦੌਰਾਨ ਬਿਜਲੀ ਵਿਭਾਗ ਦੇ ਫੋਰਮੈਨ ਕੁਲਦੀਪ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਨਾਂ ਦੀਆਂ ਮੁਸਕਲਾਂ ਜਲਦੀ ਹੱਲ ਕਰ ਦਿੱਤੀਆਂ ਜਾਣਗੀਆਂ । ਇਸ ਦੇ ਨਾਲ ਹੀ ਕਿਸਾਨਾਂ ਨੇ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਮਾਂ ਸਾਰਣੀ ਅਨੁਸਾਰ ਕਿਸਾਨ ਨੂੰ 8 ਘੰਟੇ ਸਪਲਾਈ ਨਹੀਂ ਮਿਲੀ ਤਾਂ ਕਿਸਾਨ ਜਲਦੀ ਹੀ ਇੱਕ ਰਣਨੀਤੀ ਬਣਾ ਕੇ ਬਿਜਲੀ ਦਫਤਰ ਨੂੰ ਤਾਲਾ ਲਾ ਦੇਣਗੇ ।

# ਪਿੰਡ ਦਿਆਲਪੁਰ (ਜਲੰਧਰ) ਵਿਖੇ ਇੰਟਰਲੋਕਿੰਗ ਟਾਇਲ ਲਗਾਉਣ ਦਾ ਕੰਮ ਪੂਰਾ ਹੋਇਆ: ਸਰਪੰਚ ਰਾਜਾ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਪਿੰਡ ਦਿਆਲਪੁਰ ਜਿਲ੍ਹਾ ਜਲੰਧਰ ਦੇ ਸਰਪੰਚ ਹਰਜਿੰਦਰ ਸਿੰਘ ਰਾਜਾ ਨੇ ਦੱਸਿਆ ਪਿੰਡ ਵਿੱਚ ਸੜਕਾਂ ਅਤੇ ਗਲੀਆਂ ਵਿੱਚ ਇੰਟਰ ਲੋਕੀਗ ਟਾਈਲਾਂ ਲਗਾਉਣ ਦਾ ਕੰਮ ਲਗਭਗ ਪੂਰਾ ਹੋ ਗਿਆ ਹੈ। ਉਹਨਾਂ ਦੱਸਿਆ ਕਿ ਪਿੰਡ ਦਿਆਲ ਪੁਰ ਜਿਲਾ ਜਲੰਧਰ ਦੇ ਵਾਲਮੀਕਿ ਮੁਹੱਲੇ ਦੀ ਕਲੋਨੀ ਦਾ ਰਸਤਾ ,ਮੱਲੀਆ ਰੋਡ ਦਿਆਲ ਪੁਰ ਤੋਂ ਮੰਗਲ ਸਿੰਘ ਖੱਖ ਦੇ ਡੇਰੇ ਤੱਕ, ਅਮਰਜੀਤ ਸਿੰਘ ਪੁੱਤਰ ਹਰੀ ਸਿੰਘ ਦੇ ਘਰ ਤੋਂ ਲੈ ਕੇ ਰਾਮ ਫੇਰ ਦੇ ਘਰ ਤੱਕ ਅਤੇ ਮੱਲੀਆ ਰੋਡ ਦਿਆਲ ਪੁਰ ਤੋਂ ਲੈ ਕੇ ਮਹਿੰਦਰ ਪੁੱਤਰ ਪੂਨੂੰ ਦੇ ਘਰ ਤੱਕ ਇੰਟਰ ਲੌਕਿੰਗ ਅਤੇ ਸੀਵਰੇਜ ਦਾ ਕੰਮ ਮੁਕੰਮਲ ਹੋ ਗਿਆ ਹੈ।ਉਹਨਾਂ ਨੇ ਸਾਰੇ ਪਿੰਡ ਵਾਸੀਆਂ, ਸਾਥੀ ਪੰਚਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਜਿਵੇਂ ਜਿਵੇ ਗਰਾਂਟ ਆਉਂਦੀ ਰਹੇਗੀ ਪਿੰਡ ਦੇ ਵਿਕਾਸ ਕੰਮ ਜਾਰੀ ਰਹਿਣਗੇ।



# ਕੋਵਾਸ਼ੀਲਡ ਅਤੇ ਕੋਵੈਕਸੀਨ ਦਾ ਮੁਫ਼ਤ ਟੀਕਾਕਰਨ ਕੈਂਪ ਅੱਜ

**ਕੋਟਕਪੂਰਾ।** ਬਾਬਾ ਦਿਆਲ ਸਿੰਘ ਸਿਵਲ ਹਸਪਤਾਲ ਕੋਟਕਪੂਰਾ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਸਵ: ਕੰਵਰਜੀਤ ਸਿੰਘ ਸੇਠੀ ਦੀ ਯਾਦ ਵਿੱਚ ਮੁਫ਼ਤ ਕੋਰੋਨਾ ਟੀਕਾਕਰਨ ਕੈਂਪ 27 ਜੂਨ ਦਿਨ ਐਤਵਾਰ ਨੂੰ ਸਵੇਰੇ 9:00 ਤੋਂ 2:00 ਵਜੇ ਤੱਕ ਜ਼ੋਨਲ ਦਫ਼ਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸਿੱਖਾਂਵਾਲਾ ਰੋਡ ਕੋਟਕਪੂਰਾ ਵਿਖੇ ਲਾਇਆ ਜਾ ਰਿਹਾ ਹੈ। ਕੰਵਰਜੀਤ ਸਿੰਘ ਸੇਠੀ ਦੇ ਪੁੱਤਰਾਂ ਹਰਪ੍ਰੀਤ ਸਿੰਘ ਲੱਕੀ, ਨਵਨੀਤ ਸਿੰਘ ਸੋਨੂੰ, ਮਨਮੀਤ ਸਿੰਘ ਬੌਬੀ ਅਤੇ ਜਸਬੀਰ ਸਿੰਘ ਰਿੱਕੀ ਨੇ ਦੱਸਿਆ ਕਿ 18 ਸਾਲਾਂ ਤੋਂ ਵੱਧ ਉਮਰ ਦੇ ਹਰੇਕ ਨੌਜਵਾਨ ਲੜਕੇ/ਲੜਕੀਆਂ ਸਮੇਤ ਮਰਦ/ਔਰਤਾਂ ਪਹਿਲੀ ਅਤੇ ਦੂਜੀ ਡੋਜ਼ ਦੇ ਕੋਵਾਸ਼ੀਲਡ ਅਤੇ ਕੋਵੈਕਸੀਨ ਦੇ ਟੀਕੇ ਲਵਾ ਸਕਦੇ ਹਨ। ਡਾ ਹਰਿੰਦਰ ਸਿੰਘ ਗਾਂਧੀ ਸੀਨੀਅਰ ਮੈਡੀਕਲ ਅਫਸਰ ਸਮੇਤ ਨਵਨੀਤ ਸਿੰਘ, ਹਰਪ੍ਰੀਤ ਸਿੰਘ ਖਾਲਸਾ ਅਤੇ ਮਾ ਜਗਮੋਹਨ ਸਿੰਘ ਨੇ ਉਕਤ ਟੀਕਾ ਲਵਾਉਣ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਧਾਰ ਕਾਰਡ ਦੀ ਕਾਪੀ ਨਾਲ ਲੈ ਕੇ ਜਰੂਰ ਆਉਣ। ਉਨਾਂ ਆਖਿਆ ਕਿ ਸਾਰਿਆਂ ਲਈ ਮਾਸਕ ਪਾ ਕੇ ਆਉਣ ਦੀ ਸ਼ਰਤ ਵੀ ਜਰੂਰੀ ਰੱਖੀ ਗਈ ਹੈ। ਉਨਾਂ ਦੱਸਿਆ ਕਿ ਟੀਕਾ ਲਵਾਉਣ ਵਾਲਿਆਂ ਸਮੇਤ ਉਨਾ ਨਾਲ ਆਈਆਂ ਸੰਗਤਾਂ ਲਈ ਰਿਫਰੈਸ਼ਮੈਂਟ ਦਾ ਵੀ ਬਕਾਇਦਾ ਪ੍ਰਬੰਧ ਕੀਤਾ ਗਿਆ ਹੈ।



**ਕੰਵਰਜੀਤ ਸਿੰਘ ਸੇਠੀ**

# ਪੰਜਾਬ ਪੁਲਿਸ ਨੇ ਸਮਾਜਸੇਵੀ ਸੰਸਥਾਵਾਂ ਨਾਲ ਨਸ਼ਿਆਂ ਤੋ ਜਾਗਰੂਕ ਕਰਨ ਲਈ ਸਾਈਕਲ ਰੈਲੀ ਕੱਢੀ



**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ ਕੁਮਾਰ)** ਨਵੀਨ ਸਿੰਗਲਾ ਆਈ.ਪੀ.ਐੱਸ ਸੀਨੀਅਰ ਪੁਲਸ ਕਪਤਾਨ, ਜਲੰਧਰ ਦਿਹਾਤੀ ਨੇ ਦੱਸਿਆ ਕਿ ਮਾਣਯੋਗ ਸ੍ਰੀ ਦਿਨਕਰ ਗੁਪਤਾ ਆਈ.ਪੀ.ਐਸ. ਡਾਇਰੈਕਟਰ ਜਨਰਲ ਪੁਲੀਸ ਪੰਜਾਬ,ਚੰਡੀਗੜ੍ਹ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਾਖੋਰੀ ਅਤੇ ਨਾਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਉਣ ਲਈ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਜ਼ਿਲ੍ਹਾ ਜਲੰਧਰ ਦਿਹਾਤੀ ਦੀ ਪੁਲੀਸ ਵੱਲੋਂ 15 ਜੂਨ ਤੋਂ ਮਿਤੀ 25 ਜੂਨ ਤੱਕ ਵੱਖ-ਵੱਖ ਥਾਣਿਆਂ ਵਿਚ 09 ਮੁਕੱਦਮੇ ਐਨ.ਡੀ.ਪੀ.ਐਸ ਐਕਟ ਤਹਿਤ ਦਰਜ ਕੀਤੇ ਗਏ। ਜਿਸ ਤਹਿਤ 01ਕਿੱਲੋ 24 ਗ੍ਰਾਮ ਹੈਰੋਇਨ, 01ਕਿੱਲੋ 300ਗ੍ਰਾਮ ਅਫ਼ੀਮ ,290ਨਸ਼ੀਲੀਆਂ ਗੋਲੀਆਂ ਅਤੇ 260 ਨਸ਼ੇ ਦੇ ਟੀਕੇ ਨਸ਼ਾ ਤਸਕਰਾਂ ਪਾਸੋਂ ਬਰਾਮਦ ਕੀਤੇ ਗਏ।

ਇਸ ਤੋਂ ਇਲਾਵਾ ਜਲ੍ਹਿਾ ਪੁਲੀਸ ਕਰਮਚਾਰੀਆਂ ਵੱਲੋਂ ਆਮ ਪਬਲਿਕ ਅਤੇ ਨੌਜਵਾਨਾਂ ਨੂੰ ਨਸ਼ਿਆਂ ਨੂੰ ਖਤਮ ਕਰਨ ਪ੍ਰਤੀ ਜਾਗਰੂਕ ਕਰਨ ਲਈ ਸਬ ਡਿਵੀਜ਼ਨ ਸ਼ਾਹਕੋਟ,ਸਬ ਡਵੀਜ਼ਨ ਨਕੋਦਰ,ਸਬ ਡਿਵੀਜ਼ਨ ਫਿਲੌਰ, ਸਬ ਡਿਵੀਜ਼ਨ ਆਦਮਪੁਰ,ਅਤੇ ਸਬ ਡਿਵੀਜ਼ਨ ਕਰਤਾਰਪੁਰ ਵਿਖੇ ਨਸ਼ਿਆਂ ਨੂੰ ਖਤਮ ਕਰਨ ਵਾਸਤੇ ਜ਼ਿਲ੍ਹਾ ਪੁਲੀਸ ਸਾਂਝ ਕੇਂਦਰਾਂ ਵੱਲੋਂ,ਮੁਹੱਲਾ ਕੱਲਬਾ, ਪੰਚਾਇਤਾਂ, ਵਹੀਕਲ ਯੂਨੀਅਨ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੁਕਤ ਕਰਾਉਣ ਲਈ ਸੈਮੀਨਾਰ ਅਤੇ ਲੈਕਚਰ ਕੀਤੇ ਗਏ ਤਾਂ ਜੋ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਮੁਕਤ ਕਰਵਾਇਆ ਜਾ ਸਕੇ ।ਇਸ ਤੋਂ ਇਲਾਵਾ ਕੋਰੋਨਾ ਮਹਾਂਮਾਰੀ ਦੇ ਬਚਾਅ ਲਈ ਪਬਲਿਕ ਨੂੰ ਸਰਕਾਰ ਦੁਆਰਾ ਜਾਰੀ ਹਦਾਇਤਾਂ ਅਨੁਸਾਰ ਮਾਸਕ ਪਹਿਨਣ ਅਤੇ ਇਕੱਠ ਨਾ ਕਰਨ ਬਾਰੇ ਵੀ ਜਾਗਰੂਕ ਕਰਵਾਇਆ ਗਿਆ ।

ਇਸ ਸਬੰਧ ਵਿਚ ਅੱਜ ਮਿਤੀ 26- ਜੂਨ ਨੂੰ ਸਵੇਰੇ 06:00 ਵਜੇ ਪੁਲੀਸ ਅਫ਼ਸਰਾਂ ਅਤੇ ਐਨ.ਜੀ. ਓ ਸੰਸਥਾਵਾਂ ਵੱਲੋਂ ਪਬਲਿਕ ਅਤੇ ਨੌਜਵਾਨਾਂ ਨੂੰ ਨਸ਼ਿਆਂ ਨੂੰ ਖ਼ਤਮ ਕਰਨ ਪ੍ਰਤੀ ਜਾਗਰੂਕ ਕਰਨ ਲਈ ਕਰਤਾਰਪੁਰ ਵਿਖੇ ਸਾਈਕਲ ਮਾਰਚ ਰਾਹੀਂ ਸਰੀਰਕ ਤੰਦਰੁਸਤੀ ਲਈ ਜਾਗਰੂਕ ਕੀਤਾ ਗਿਆ।

# ਜਗਰੂਪ ਸਿੰਘ ਚੋਹਲਾ ਅਕਾਲੀ ਦਲ ਬਾਦਲ ਕਰਤਾਰਪੁਰ ਸਰਕਲ ਪ੍ਰਧਾਨ ਬਣੇ



**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋ ਕਰਤਾਰਪੁਰ ਸਰਕਲ 1 ਦਾ ਜਗਰੂਪ ਸਿੰਘ ਚੋਹਲਾ ਨੂੰ ਸਰਕਲ ਪ੍ਰਧਾਨ ਬਣਨ ਤੇ ਹਾਈ ਕਮਾਂਡ ਦਾ ਧੰਨਵਾਦ ਕੀਤਾ ਗਿਆ ਅਤੇ ਜਗਰੂਪ ਸਿੰਘ ਚੋਹਲਾ ਨੂੰ ਸਮੂਹ ਕਰਤਾਰਪੁਰ ਹੱਲਕੇ ਵਲੋ ਵਿਸ਼ੇਸ਼ ਤੋਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਵਲੋ ਪਾਰਟੀ ਦਾ ਧੰਨਵਾਦ ਕੀਤਾ ਗਿਆ। ਸ਼ਹਿਰ ਦੀਆ ਸਮੂਹ ਸਿੰਘ ਸਭਾ ਅਤੇ ਇਸਤਰੀ ਸਤਿਸੰਗ ਸਭਾ ਵਲੋ ਸਨਮਾਨ ਕੀਤਾ ਗਿਆ। ਇਸ ਮੌਕੇ ਜਥੇਦਾਰ

ਰਣਜੀਤ ਸਿੰਘ ਕਾਹਲੋਂ ਮੇਂਬਰ ਐਸ ਜੀ ਪੀ ਸੀ, ਹਰਵਿੰਦਰ ਸਿੰਘ ਰਿੱਕੂ, ਪ੍ਰਿਤਪਾਲ ਸਿੰਘ ਬਸਰਾ, ਪਰਮਿੰਦਰ ਪਾਲ ਸਿੰਘ ਗੋਲਡੀ, ਸੇਵਾ ਸਿੰਘ ਸ਼ਹਿਰੀ ਪ੍ਰਧਾਨ, ਮੈਨੇਜਰ ਲਖਬੰਤ ਸਿੰਘ, ਜਸਵਿੰਦਰ ਸਿੰਘ ਬਸਰਾ, ਅਜੀਤ ਸਿੰਘ ਸਰਾਏ, ਰਣਧੀਰ ਸਿੰਘ, ਅਵਤਾਰ ਸਿੰਘ, ਹਰਵਿੰਦਰ ਸਿੰਘ, ਡਾਕਟਰ ਮਨਜੀਤ ਸਿੰਘ, ਗੁਰਦਿੱਤ ਸਿੰਘ, ਗੁਰਭੇਜ ਸਿੰਘ, ਸੁੱਚਾ ਸਿੰਘ, ਲਖਵੀਰ ਸਿੰਘ ਪ੍ਰਧਾਨ ਬੀ ਸੀ ਵਿੰਗ, ਹਰਦੇਵ ਸਿੰਘ, ਹਰਮਨ ਸਿੰਘ ਹੰਸਪਾਲ, ਜੋਗਿੰਦਰ ਸਿੰਘ, ਕਿਰਪਾਲ ਸਿੰਘ, ਨਿਰਮਲ ਸਿੰਘ, ਦਲਬੀਰ ਸਿੰਘ, ਹਰਜਿੰਦਰ ਸਿੰਘ, ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਦਲਜੀਤ ਸਿੰਘ ਤੇਜਾ, ਹਰਜੀਤ ਸਿੰਘ, ਰਣਧੀਰ ਸਿੰਘ, ਹਰਜੀਤ ਸਿੰਘ ਬੰਟੀ, ਜਸਵੀਰ ਸਿੰਘ ਜੰਗੀ, ਸੁਖਵੀਰ ਸਿੰਘ ਸੀਟੂ, ਨਿਰਵੈਰ ਸਿੰਘ, ਹਰਜਿੰਦਰ ਸਿੰਘ, ਅਮਨਦੀਪ ਸਿੰਘ, ਪ੍ਰਭਜੋਤ ਸਿੰਘ, ਮਨਮੋਹਨ ਸਿੰਘ ਭੁੱਲਰ, ਪੁਸ਼ਪਿੰਦਰ ਸਿੰਘ, ਬਬਲੂ ਸਿੰਘ, ਗੁਰਕੀਰਤ ਸਿੰਘ, ਜੈਸਮੀਨ ਸਿੰਘ, ਹਰਪ੍ਰੀਤ ਸਿੰਘ, ਸਿਮਰਨ ਸਿੰਘ, ਪਰਮਿੰਦਰ ਸਿੰਘ, ਗੁਰਸਿਮਰਨ ਸਿੰਘ, ਚੈਂਜਨ ਸਿੰਘ, ਰਣਜੀਤ ਸਿੰਘ, ਹਰਦੇਵ ਸਿੰਘ, ਬੀਬੀ ਕੁਲਵਿੰਦਰ ਕੌਰ ਭੁੱਲਰ ਪ੍ਰਧਾਨ ਇਸਤਰੀ ਅਕਾਲੀ ਦਲ, ਬੀਬੀ ਕੁਲਜੀਤ ਕੌਰ, ਕੁਲਵੰਤ ਕੌਰ, ਰਾਜਵੰਤ ਕੌਰ, ਰੁਪਿੰਦਰ ਕੌਰ, ਸ਼ਰਨਜੀਤ ਕੌਰ, ਸੁਲਿੰਦਰ ਕੌਰ, ਰਣਜੀਤ ਕੌਰ, ਪਲਵਿੰਦਰ ਕੌਰ, ਸੁਰਿੰਦਰ ਕੌਰ, ਸੁਖਦੀਪ ਕੌਰ, ਹੋਰ ਵੀ ਸੰਗਤਾਂ ਮੌਜੂਦ ਸਨ।